# پوربی یو.پی وچ بابا

جنوری ۱۵۰۹

## اگلا نشانہ االلہ آباد دا مہانکمبھ

بابے دی یاترا دے متعلق جدوں اسیں اوناں ستھاناں نوں جوڑ کے ویکھدے ہاں جتھے بابے دی کوئی یادگار جاں ساکھی بچی ہوئی ہے، تاں محسوس ہندا ہے کہ گورو صاحب نانکمتے توں واپس دلی نوں آ گئے سن۔ بلبگڑھ لاگے دیالپر وکھے گورو صاحب اتے چھویں پاتشاہ دی یادگار ہوناں دلی توں پورب ول جان دا صاف اشارہ ہے۔

اندازہ ہے کہ ۱۵۰۸ ای. دے اخیر 'چ گورو صاحب دلی پرتے سن۔ صاحب دا اگلا نشانہ پریاگراج دا کمبھ سی جو ماگھی والے دن ہونا سی۔ بھاوَ جنوری ۱۵۰۹ پھر چھیتی بعد ہی فروری وچ بنارس دی شوراتری وی ویکھنی سی۔ جس کارن لگدی گورو صاحب ہن تیزی نال االلہ آباد نوں ودھے۔ رستہ وی اوہناں سدھا (شارٹ کٹّ) اپنایا۔ پھر اوہنی دنی پرسدھ استھاناں لئی سدھے رستیاں دا لوکائی نوں گیان ہندا سی۔

اتہاسکاراں وچ متبھید ہن۔ کجھ کہندے ہن کہ گورو صاحب اٹاوا رکے سن کجھ دا کہنا 'نہیں'۔ مثال دے طورتے جے اسیں دلی االلہ آباد دا سدھا رستہ کڈھدے ہاں تاں اٹاوا کوئی ۲۰ کہ. می. پاسے رہِ جاندا ہے۔ آگرہ -۷۰ کہ.می.، متھرا-۸۰ کہ.می.، لکھنؤ -۲۰ کہ.می.۔ سو سانوں وی نہیں لگدا کہ گورو صاحب اٹاوا آئے ہونگے۔

سو دلی توں االلہ آباد پہنچن لئی گورو صاحب کول سماں گھٹّ سی۔ اس کارن اوہ سدھے ہی االلہ آباد پہنچے سن اتے رستے 'چ پڑائ گھٹّ ہی کیتے، سوائے رات بتاؤن دے۔ کیونکہ االلہ آباد دے مہاں کمبھ نوں جتھے سارے ہندوستان نے جڑنا سی گورو صاحب دا اوہ مکھ مقصد اتے نشانہ سی۔

گورو صاحب دا کانپور رکنا ہو سکدا ہے کیونکہ کانپور این رستے وچ پیندا ہے۔ حالاں ۱۶ وی صدی دی شروعات تے کانپور کوئی بہتا مہتوپورن ستھان نہیں سی، مطلب کہ ستھان دی دھارمک جاں راجنیتک اہمیت نہیں سی۔ انج آبادی پکھو کانپور تیزی نال پھیل رہا سی۔ پر ایہہ مہتوپورن ہے کہ گورو صاحب نے اتھے پڑائ کیتا ہی کیتا سی۔

پھر سائیکل یاتری - ۱۴۱ انوسار کانپور دے علاقہ سرسئیا گھاٹ وکھے اتہاسک گرودوارہ ہے جتھے گورو نانک تے بعد وچّ گورو تیغ بہادر صاحب دے چرن پئے نے۔ گرودوارہ اداسیاں دے قبجے ہیٹھ ہے۔ لکھاری نوں لگدا ہے کہ مہنت اتہاس چھپا رہا ہے کیونکہ اونی دنی اتہاسک تھاواں تے اکالی قبجے کر رہے سن۔



االلہ آباد دا کمبھ میلہ دنیا دے وڈے میلیاں وچو اک۔ گورو نانک واسطے ایہہ سنہری موقع سی پرچار کرن لئی

نال ہی اس سروت تو ایہہ وی تصدیق ہو جاندا ہے کہ لکھنؤ وکھے گورو صاحب دا آؤنا نہیں ہویا۔

حالاں یو.پی وچّ بابا بہت گھمیا سی۔ یو پی کیونکہ ہندوستان دی روحانیت دا اک طرحاں نال مرکز سی۔ ہردوار، کانشی (بھگوان شو دا شہر) ایودھیا (رام دا شہر) متھرا (کرشن دا شہر) پریاگ (گنگا جمنا ملن قنوج (کانکمبج)، کوسمبھی، کشینگر، چترکوٹ (مدھ پردیس)، سروستی، ہستناپر سبھ یو پی دے علاقے وچّ ہی تاں سن۔ دھرم دی لیڈرشپ صرف براہمناں کول سی جس کرکے اناں دے ستھان ہی پوتر گنے جاندے سن۔ یو پی دیاں ندیاں گنگا، جمنا، سرجو، الکنندا، رام گنگا سبھ اسے کرکے پوتر ہن۔ پر پنجاب دے بیاس، ستلج، راوی، چناب، جہلم پوتر نہیں ہن۔ حالاں جگاں جگاتراں توں انسان دا ڈھڈ زیادہ ایہناں دریاواں نے ہی بھریا سی۔

سو یو پی دے تے دتے شہراں دی اہمیت تاں اج تکّ بنی ہوئی ہے پر قنوج جہے درجناں کیندر ہور وی سن جو وقت دے سمندر وچّ ڈبّ گئے۔ جویں پنجاب دے وی کئی شہراں دے ناں اتہاس وچّ تاں ہن پر انج اج موجود نہیں ہن جویں چینا پٹی (امرتسر دے ہوائی اڈے لاگے ہرسا چھینا تھیہ) سگل (سیالکوٹ لاگے) ٹیکسلا (پاکستان راولپنڈی لاگے) امرتسر ضلع وچّ ہی اک شہر ہندا سی سوڑیاں (خود انگریزاں ویلے تحصیل سی) اج اک معمولی پنڈ رہِ گیا ہے، بہار دا نالندا شہر جو راجدھانی سی، سندھ دی راجدھانی اروڑ (اروڑیاں دا مول ستھان)، پھر ملتان پچھمی بھارت دا سبھ توں وڈا کیندر سی۔ لمبنی، کپل وستو (نیپال) ختم ہو چکا ہے۔ سو سانوں نہیں لگدا کہ بابے نے اس ویلے دا یو پی دا کوئی مہتوپورن شہر ویکھن توں چھڈیا ہووے۔ آخر ۲-۴

پریاگ وچّ بابا

## کی تیرتھ ستھان دے اچے رکھ توں چھال مار کے مرن نال مکتی مل جائیگی؟

ہندو شاستر پدم پران انوسار پریاگ (ایسے کرکے ہنے ہنے االلہ آباد توں ناں واپس پریاگراج کر دتا گیا ہے۔) ہندواں دے سارے تیرتھاں توں اپر ہے۔ اس کرکے انوں پریاگ-راجاگ کیہا جاندا ہے۔ ہندواں دا مننا ہے کہ سرسٹی دی شوروآت بھگوان برہمانے اتھو ہی کیتی سی۔ اتھے گنگا تے جمنا دریاواں دا سنگم جاں میل ہے۔ ہندواں دا مننا ہے کہ اک ہور گپت دریا (بھاوَ جو دسدا نہی ہے) سرسوتی وی ایتھے گنگا 'چ ملدا ہے۔ اس ملاپ نوں تربینی سنگم کیہا جاندا ہے۔

گپت دریا پتہ نہی سچ وچّ ملدا جاں نہی پر اتھے جو کمبھ میلہ لگدا ہے اوہ وی کسے دریا توں گھٹّ نہی۔ ٦ سالاں بعد اردھ-کمبھ تے ١٢ سالی مہاں کمبھ۔دنیا دا سبھّ توں وڈا اکٹھ اتھے جڑدا ہے۔

سال اس علاقے وچّ سنگھ بکدا رہا۔

سو دلی توں چلکے گورو صاحب کجھ اس پرکار گھمے: کانپور، االلہ آباد، چترکوٹ، بنارس، نجاماباد، ایدھیا گورکھپر۔

پر جس تیبرتا نال بابے نے اتراکھنڈ اتے پچھمی یو۔ پی گاہی اس توں لگدا ہے کہ صاحب اک سال توں زیادہ سماں اس علاقے وچ رہے۔ ایہہ وی ہو سکدا ہے کہ پوربی یو۔پی وچ وی اوہناں بندا سماں لایا ہووے پر کجھ کارناں کرکے ادھر سکھی انی پرپھلت ناں ہو پائی۔ جاں ایہہ وی ہو سکدا ہے کہ پچھم وچ سکھ زمیداراں دی ہجرت کرکے اوہ یادگاراں سرجیت ہو گئیاں جتھے بابے دے پوتر قدم پئے سن۔

بابے نے پریاگراج دے مہانکمبھ دے شروع ہون توں پہلاں ہی این ٹکانے تے ڈیرہ جما لیا سی۔

اتھے پھر روز ہزاراں سادھوآں نوں سمبودھن ہویا کردے سن تے گرمت دا سدھانت لوکائی تکّ پہنچایا۔

---♦---

ਪੈੜ ਸਫ਼ਾ

## ہندو تیرتھ استھاناں دی ستھاپنا دا مول سدھانت

(جہڑے سر تے بہتے تیرتھ بنے ہوئے نے اتے کمبھ میلیا دا ادھار) 'سمندر رڑکناں، امرت کڈھناں'

گورو صاحب پورے ہندوستان وچ پھرے سن تے شاید ہی کوئی مہتوپورن ہندو تیرتھ استھان رہِ گیا ہووے جتھے صاحب ناں گئے ہون۔ کیونکہ ہندواں دے مکھ استھان امرت کڈھن دی کہانی نال سبندھت ہن۔ کمبھ میلیاں دا ادھار وی ایہو کتھا ہے۔ اس کرکے اسیں سمجھدے ہاں کہ ہندو ورتارے نوں سمجھن لئی ایہہ مڈھلی ہندو متھہاسک (منگھڑت) کتھا توں سانوں جانو ہونا چاہیدا ہے۔ صرف اینا ہی نہی سکھ پرچارکاں نوں رمائن تے مہامبھارت تے ہور کتھاواں دا وی گیان ہونا چاہیدا ہے۔

سمندر منتھن دی کتھا مہاں بھارت تے وشنوں پران وچّ آؤدی ہے۔

امرت کڈھنا

ہویاں کجھ اس طرحاں کہ اک ویراں سورگاں دا راجا اندر اپنے ہاتھی تے چڑھیا جا رہا سی کہ دربھاشا رشی نے خوش ہو کے اندر نوں اک مالا پہنا دتی۔ اندر نے سوچیا کہ لوکی ایوے کہنگے کہ بڑا شوقین ہو گیا اندر، اس کرکے اوہ مالا اس نے ہاتھی دے گل پا دتی۔ ہاتھی جاندا سی کہ اندر وڈا دیوتا بنیا پھردا ہے پر اس دا اپنیاں واشناواں تے کوئی قابو نہی ہے۔ اس کرکے ہاتھی نے مالا تھلے سٹّ دتی۔ اس تے درواشا رشی نے اپنی بیئجتی سمجھی کیونکہ اوہ مالا 'سری' بھاوَ مایہ روپی پرشاد سی۔ رشی نے دیوتیاں نوں سراپ دے دتا کہ ایہہ بدقسمت تے نربل ہی رہنگے۔

بعد وچّ جدوں راکھشاں تے دیوتیاں وچّ یدھ ہویا تاں راجا بلی دی اگوائی ہیٹھ راکھش جت گئے۔ گھبرائے ہوئے دیوتے پھر وشنوں دی شرن وچّ جاندے ہن۔ وشنوں اوناں نوں صلاحَ دندا ہے کہ کسے طرحاں راکھشاں نوں چالبازی ہیٹھ لے آؤ تے پھر کوٹنیتی نال اوناں دا پتہ صاف کر دیو۔

پھر دیوتیا نے راکھشاں (اسوراں) نوں منایا کہ کوئی اجیہی شے پیدا کیتی جاوے جس دے سیون نال انسان کدے مرے ہی ناں۔سو آؤ سہیوگ کرو۔ پھر اپدیش ملیا کہ اوہ تاں ہو سکدا ہے جے سمندر نوں رڑکیا جاوے تے جویں دودھ رڑک کے مکھن نکلدا ہے ایسے طرحاں ساگر توں امرت نکلیگا جس نوں پین والا کدے نہی مریگا۔ سو دووے پارٹیاں پھر رل کے سمندر نوں رڑکدیاں ہن۔

کیونکہ سمندر تاں بہت وشال ہے، اوہ سمیر پربت دی ہی مدانی بنا لیندے ہن۔ پھر مدھانی نوں گھماؤن لئی نیترا (رسی) وی تاں اونی ہی وشال چاہیدی ہے۔ سو نیترا پاؤدے ہن مہان سپّ شیشناگ دا جھڑا شوجی بھگوان دے گل وچّ پیا رہندا ہے۔ پھر نیترے نوں اک پاسیو




دیوتے کھچدے تے دوسرے پاسے توں راکھش۔

لؤ جی! سمیر پربت پھر سمندر وچّ لیا کھڑا کردے نے۔ پر پربت تاں ڈبنا شروع ہو جاندا ہے۔ پھر کورم (کچھوکما) پربت نوں اپنی پٹھّ تے چکّ لیندا ہے۔

رڑکنا پے جاندا ہے تے ہیٹھ لکھیاں وستواں رڑکندوران امرت توں پہلاں، نکلدیاں شروع ہو جاندیا ہن بھاوَ:-

١. ہلاہل - ایہہ زہر ہے۔ جدوں شیشناگ دے منہ وچوں زہر نکلدا ہے تاں دووے پارٹیاں بے ہوش ہو ہو ڈگنیاں شروع ہو جاندیاں ہن۔ دیوتے پھر دوڑے دوڑے وشنوں کول جاندے

ਪੈੜ ਅਗਲੇ ਸਫ਼ੇ ਤੇ ਚਲਦਾ ➡

اتھے گورو صاحب نے ہیٹھلا شبد اچارناں کیتا:

سلوک م ۱ نہ ست دکھیا نہ ست سکھیا نہ ست پانی جنت پھرہِ .. نہ ست مونڈ مڈائی کیسی نہ ست پڑیا دیس پھرہِ .. نہ ســــــت رکھی برکھی پتھر آپُ تچھاوہِ دکھ سہیہِ .. نہ ست ہستی بدھے سنگل نہ ســت گائی گھاہُ چرہِ .. جسُ ہتھِ سـدھِ دیوے جے ســـوئی جس نو دیئ تسُ آئِ ملے .. نانک تا کؤ ملے وڈائی جسُ گھٹ بھیترِ سـبدُ روے .. سـبھِ گھٹ میرے ہؤ سبھنا اندرِ جسہِ کھوآئی تسُ کؤنُ کہے .. جسہِ دکھالا واٹڑی تسہِ بھلاوے کؤنُ .. جسہِ بھلائی پندھ سرِ تسہِ دکھاوے کؤنُ .. ۱

تھاں تھاں ہـو رہے اس ظلم دے خلاف جـو گـورو صاحب نے آواز بلند کیتی اس دا نوٹس مســــلمان حکمراناں نے لیا تے جتھے سنبھوَ ہویا منکھی قربانی تے پابندی لائی. پروفیســـر صاحب سنگھ نے لکھیا ہے کہ بعد وچّ بادشــــاہ جہانگیر نے ایہو جہے قربانی دے تھڑے/رکھ کٹوا دتے.

اس پرکار گورو صاحب پہلے رہنما ہوئے نے جنے بھارتی اتہاس وچّ اس ظلم خلاف آواز بلنند کیتی.

---♦---

## بابا پریاگ وکھے

### 'گورو جی سمرن تے بیٹھدے ہاں پر منّ نہی لگدا' - سادھوآں نے پچھیا

تربینی دے کمبھ تے وڈی گنتی وچّ سـادھو سـنت آؤدے ہن. در اصـل کمبھ میلیاں تے اصـولاً ہر ہندو

پریاگ دا ذکر رمائن تے مہاں بھارت وچّ وی ملدا ہے.

گورو صاحب ماگھی دسمبر ۱۵۰۸ (جاں جنوری ۱۵۰۹) ل پریاگ وکھے براجمان سـن کیونکہ اودوں اوتھے مہانکمبھ چل رہا سـی. مہانکمبھ کوئی مہینہ بھر چلدا ہے. کیہا جاندا ہے کہ گورو صاحب نے جھوسی، پریاگ وکھے اک اداسین آشرم وکھے نواس کیتا.

اتھے پہنچ کے وی گورو صــاحب نے ویکھیا کہ پانڈے منکھتا تے وڈا ظلم کر رہے نے. یاد رہے لگّ پگ سارے وڈے تیرتھاں تے ہندو شردھالواں نوں اکسـایا جاندا سـی کہ اوہ قربانی دین. اکھے اجیہا کرن نال شـردھالو دی مکتی ہو جاوے گی. قربانی دین توں پہلاں شردھالو نے اپنا سارا کجھ دان کرناں ہندا سی.

پریاگ وکھے اک اچا بوہڑ ہندا سـی. اک خاص اچائی تے پانڈیاں نے نشــان لایا ہندا سی کہ اس اچائی توں جہڑا چھال ماریگا اوہ سـورگاں نوں پراپت ہووے گا. جے ہیٹھاں ڈگن اپرنت اوہ بچ جاندا ہے تاں راجے دا راج بھاگ سـنبھالن دا اوہ حقدار ہووے گا. (بچن دے کوئی موقعے ہی نہی سن ہندے.) ہیٹھاں تکھے پتھر رکھے ہوئے ہندے سن. پریاگ وچّ قربانی واسطے جو رکھ تہہ کیتا ہویا سی اوہ بوہڑ دا اچا درخت سی جس دا ناں پنڈیاں نے 'اکشـی وٹّ' (بھاوَ ناس رہت بوہڑ) رکھیا ہویا سی.

اتھے جدوں گورو صـــاحب نے ایہہ ہتیا ہندی ویکھی تاں دہائی دے دتی کہ ایہہ کوئی مکتی دا راہ نہی ہے.

چکی. اندر نے اڈول ہی گھڑا اپنے پتر جینت نوں چکا دتا تے کیہا کہ انوں لے کے سورگاں نوں کھســک جا. پھر کھوہا کھہائی شروع ہو گئی.

دیوتیاں تے راکھشــاں وچّ تگڑی لڑائی ہوئی امرت پچھے. پھر گرڑ پنچھی آیا تے امرت چکّ کے اڈدا بنیا.

دیوتیاں پھر وشـنوں کول جا پکار کیتی کہ مارے چلے آں اسـیں تاں. وشنوں نے راکھشــاں نوں چھلن واسطے موہنی سندری بھیج دتی. راکھش اوہدی سـندرتا تے ہی فدا ہو گئے. موہنی نے چلاکی نال امرت چکّ کے دیوتیاں نوں چھکا دتا.

تے لؤ راہو، کیتو ناں دے راکھش نوں جدوں اس چلاکـی دا پتہ لگا تاں اس نے جھٹّ دیوتیاں دا روپ دھارن کر لیا تے امـرت چھکّ گیا. بھلا ایہو جہی چلاکی سورج تے چندر دیوتے توں کون چھپا سکدا ہے؟ اناں جھٹّ موہنی نوں دسّ دتا. امرت اجے راہو کیتو دے سـنگھ توں تھلے نہی سی اتریا کہ موہنی نے سدرشن چکر نال راہو، کیتو دا گل وڈھّ دتا. اس کرکے اس توں بعد اوہدے سـر نوں راہو تے دھڑھ نوں کیتو کیہا جاندا ہے.

پھر کی سی؟ بس امرت چھکّ کے دیوتیاں نے راکھشــاں دا کم تمام کر دتا.

کمبھ میلے دا ارمبھ

سـو جدوں دیوتے امرت لے کے جا رہے سـن تاں چار تھانوا تے کجھ تبکے ڈگّ پئے. اوہ چار تھاواں ہن:-

۱ .ہردوار ۲ . پریاگ (اللہ آباد)

۳ . اجین ٤ . ترمبک (ناسک)

اناں تھاواں تے پھر ہر ٤ سال بعد میلہ لگدا جس وچّ جے کوئی نہا لئے تاں امر ہو جاندا ہے.

(گورو نانک نے اس ساری کپول کلپنا دا کھنڈن کیتا تے کیہا کہ ربّ دی استت بھاوَ نام ہی امرت ہے)

ہن کہ کوئی اپاء دسو. وشنوں کہندا شـو جی بھگوان تکّ پہنچ بناؤ جو شیش ناگ دا مالک ہے. شو جی آؤدا ہے تے اوہ سـارا زہر پی جاندا ہے. شو جی دا رنگ نیلا پے جاندا ہے.

پر نہی. نال ہی دوسری کتھا آ جاندی ہے جو دسـدی ہے کہ جدوں شـو جی پین لگے سـن تاں پاربتی نے آکے ہتھ پھڑھ لئے. اوتوں تکّ زہر شـو جی دے سـنگھ (کنٹھ) تکّ جا چکا سـی. تاں ہی کدی انوں نیلکنٹھ بھگوان کہندے ہن.

۲ . لکشمی- خوش حالی دی دیوی.اوہ پررلل کرکے نکل آؤدی ہے.

۳ .اپسـراں - منموہنی سندریاں دیوتیاں دی سیوا لئی. اناں وچوں مینکا، رمبھا تے پنجیستھلا مشہور ہوئیا ہن.

٤ . ورنی- اس سندری ل راکھشاں نے سانبھ لیا.

٥ .کامدھینوں گاں- جو ہر اچھا پوری کر دیوے. انوں رشیاں نے سانبھ لیا.

٦ .ایراوتا ہاتھی- انوں اندر نے قابو کر لیا جو دیوتیاں دا نیتا سی.

۷ .اچیشرب گھوڑا- ستّ سراں والا. اندر نے قبجہ کیتا.

۸ . کوستب رتن - ایہہ وشنوں نے اپنے ہی گل پا لیا.

۹ .پارجات پھلّ -جہڑے کدے کملاؤدے ہی نہی ہن. اندر نے سانبھ لئے.

۱۰ . شرنگ کمان- وشنوں نے سامبھی. راکھشاں خلاف ورتی.

۱۱ . چندر چکر - جہڑا وشنوں بھگوان دے سر دوآلے چکر ہندا ہے.

۱۲ . شنکھ - جہڑا وشنوں نے سامبھیا.

۱٤ .جیٹھا- بدقسمتی دی دیوی. ۱۵ . چھتر - وشنوں نے سامبھیا.

۱٦ .کنّ کنڈل- اندر نے اپنی ماں آدتی نوں دے دتے.

۱۷ . کلپ برکھ - رکھ جو منّ چاہیا پھل دندا ہے.

۱۸ . سستی جاں نیند

(انج وستواں دی گنتی تے آکے شاستراں وچّ متبھید ہے)

۱۹ . تے لؤ اخیر تے نکلیا امرت

دھنونتری مہاراج نکل آئے. سـر تے امرت دا کمبھ (گھڑا جاں گاگر)

ضروری ہے۔

ہؤمے دیاں اگے پھر پنج قسماں ہن کام، کرودھ، لوبھ، موہ تے ہنکار۔ اناں دی پٹھ پچھے جو سدھانت کم کر رہا ہے انوں سمجھن دی لوڑ ہے:-

**کام** - نرنکار نے کام دی کھچ جیاں جنتوآں تے پودیاں وچّ پائی تاں کہ دنیا چلدی رہے۔ جے کام دی کھچّ نہی ہوویگی تاں نر معدہ کیو ملنگے؟ ایہہ ترنگ ہی میل کراؤندی ہے جس دا نتیجہ بچہ جاں آنڈا ہندا ہے تے پودیاں وچّ بیء ہندا ہے۔ جے ایہہ کھچّ ختم ہو جاوے تاں دنیاں وی مکّ جاوے۔ سو اس دی اصلیت نوں سمجھن دی ضرورت ہے۔

پھر سادھوآں پچھیا کہ اس اچھا نوں کوے ماریا جائے؟

گورو صاحب نے جواب دتا کہ ویاہ کرواکے۔

سارے سادھو پھر ہسّ پئے۔تے ہن کی اسیں ویاہ کروائیے؟

گورو صاحب نے پھر سمجھایا کہ سنیاس اصولاً کرتے دے حکم جاں رجا دی النگھنا ہے۔

گورو صاحب نے کیہا کہ پھر وی جے تساں ایہہ جیون اپنا لیا ہے تاں اوہدا حلّ ہے کہ کام واشنا پیدا ہی ناں ہون دیو۔ اوہ کستراں؟

سریر نوں صرف اونی کو خوراک دیو جس نال ایہہ بس تردا پھردا رہے۔ وادھو خوراک نوں سریر ترنت کام والے پاسے ورتدا ہے۔ ویرج جاں انڈا بننا شروع ہو جاندا ہے۔

تے اگلی گل

جدوں منّ وچّ اجیہا پھرنا پھرے اوسے ویلے گیان رانہی اس پھرنے دی جڑھ ول آپے دھیان جائیگا کہ "اوہ ایہہ تاں کرتے دی ساڈے نال چلاکی ہے۔" جدوں ساڈا منّ سچیت ہووےگا اسیں ترنت اس چلاکی نوں بھانپ جاوانگے تے لٹے جان توں بچ جاوانگے۔

**موہ** - نرنکار دی اگلی چلاکی جو ساڈے نال کھیڈی جا رہی ہے اوہ ہے جہڑا اسنے ساڈے وچّ موہ دی واشنا پائی ہے۔ اس نوں سمجھن دی ضرورت ہے۔



کجھ اس طرحاں دی بیٹھک چل رہی سی، جدوں سادھو گورو صاحب ننوں اگے سوال کر رہے سن۔




ایہہ اوہ ستھان ہے جتھے اچا بوہڑ دا رکھ ہندا سی تے لوک چھال مارکے جان دے دندے سن۔

سادھو اپنی اپنی سمپردا دے اکٹھ وچّ پہنچ حاضری لواؤندا ہے۔ اودوں تکّ گورو نانک دی اوتاری شخصیت دا ہر کسے نوں پتہ لگّ چکا سی۔

ایتھے ہی میلے دے سمیں گورو صاحب نوں سادھو سنتاں نے سوال کیتا کہ گورو جی اسیں سمرن تے بیٹھدے ہاں پر دھیان نہی جڑدا۔ منّ کتے دا کتے پہنچ جاندا ہے۔ ہزاراں دی گنتی وچّ جڑے سادھوآں نوں پھر گورو صاحب نے سمجھایا کہ نرنکار تے ساڈے درمیان ہؤمے دی جھڑی کندھ جاں پڑدا ہے اس نوں سمجھن دی ضرورت ہے۔ ہؤمے بھاوَ کام، کرودھ، لوبھ، موہ تے ہنکار دی کھچّ ہی ساڈا دھیان نرنکار جاں سچائی ول نہی لگن دندی۔

سادھوآں سوال کیتا کہ ایہدا حلّ جاں پھر علاج کی ہے؟

گورو صاحب نے سمجھایا کہ جدوں تسی کرتے دا حکم سمجھ جاؤگے تاں ایہہ ترنگاں تہانوں تنگ نہی کرنگیاں۔

## حکم توں کی مطلب؟

نرنکار دے نظام جاں شاسن دے جو سدھانت جاں اصول ہن اوناں نوں آپاں نرنکار دا حکم کہندے ہن؛ جناں سدھاتاں کرکے دنیا چل رہی ہے جاں کارج شیل ہے۔ اوہناں سدھانتاں دے مول وچّ ہے ہؤمے۔ کہ میں ہی سبھ کجھ ہاں۔ کہ ہر جی دا اپنے نال ہی لگاء ہے۔ سبھ توں پہلاں مے۔'ڈاکٹر جی مینوں اجیہی دوائی دیو جہڑا میں این فٹ رہاں: پوری طاقت شکتی نال۔''ایہہ میرا گھر ہے۔ ایہہ زمین میری ہے۔' بندہ اجیہے نشے 'چ رہندا ہے تے کدی احساس ہی نہی کردا کہ جس زمین دی ملکیت اوہ جتا رہا ہے کسے دن اوسے مٹی وچّ رل جانا ہندا ہے۔

جے ایہہ تتّ ناں ہووے تاں بندہ اپنی کھدی بابت لاپرواہ ہو جائے تے چھیتی مر مکّ جائے۔ ہر بندے دی ہوند نوں بنائے رکھن لئی اس ہؤمے دا ہونا وی

ਪੈੜ ਸੁਰਾਗ

پروفیسر کرپال سنگھ انوسار جھوسی وکھے گورو صاحب اس استھان تے پدھارے سن جتھے اجکل کوٹ دئیا رام دا نرمل اداسی اکھاڑا ہے۔ اوتھے باقائدہ گورو صاحب دی یاد وچّ اک تھڑا ہندا سی۔ پہلاں دریانے اوہ روڑ دتا تے بعد وچّ اوتھے اج امارتا بن گئیا ہن۔

ملنی ہے کہ نہی۔ اوہ سمجھدا ہے کہ جے ربّ ہی دندا ہووے تاں ہزاراں لوک بھکھ نال ناں مرن۔ اوہ کرتے دی کھیڈ نوں سمجھن توں اسمرتھ ہے۔ انوں احساس نہی کہ جناں عرباں کھرباں جوڑے سن انت نوں اوہ وی خالی ہتھ ہی اتھو روانہ ہندے نے۔

سو جدوں تہانوں لوبھ جاں لالچ ستائے تاں ادوں نرنکار دی رجا دے سدھانت نوں یاد کرناں۔

**ہنکار-** ہؤمے، کام، موہ، غصے تے لالچ رانہی جو کجھ بندہ پیدا کردا ہے پھر انوں اس وستو تے مان محسوس ہندا ہے۔ جو وی اس نے پراپت کیتا ہندا ہے اوہ سمجھدا ہے کہ ایہہ اوہدی عقل کرکے ہویا ہے۔ "بھاجی، اوہ موہن سنگھ نوں پتہ ہی نہی سی کہ پرسوں دا سوت دا بھاء بہت ودھ گیا ہے اوہنے جویں اپنا بھاء دسیا میں اوہدا سارا سٹاک خرید لیا جس کرکے موٹا منافع آپاں نوں ہوئے۔ وپاری اوہ جو موقعے تے سٹّ مارے۔"

سو موہ کارن انوں اپنا ہر فیصلہ جاں اپنی ہر چیز دوسرے نالو چنگی لگدی ہے پھر اس تے اوہ فخر محسوس کردا ہے۔ دنیا دے بہتے پواڑیاں دی جڑھ وچّ ایہہ مان جاں ہنکار ہی ہندا ہے۔

سو ہؤمے (بھاوَ ایہہ پنج واشناواں) ہی ساڈی سرت نہی بجھن دندیاں۔ اناں نوں گیان نال ہی بنیا جا سکدا ہے۔ گربانی رانہی ہی سانوں ایہہ روحانی گیان ملدا ہے جدوں اوہ بار بار سانوں آخری سچائی دسدی ہے کہ بندیا اک دن ایہہ سبھ کجھ چھڈنا پینا ای۔

یاد رکھنا، ہؤمے توں پوری طرحاں مکت نہی ہویا جا سکدا۔ ایہدے تے سنجم دی ضرورت ہے۔ گورو دا سکھ سنیاس نہی لے سکدا۔ اوہنے مایہ وچّ رہِ کے ہی اپنے تے کنٹرول کرناں ہے سچ دا دھارنی بننا، دھرم دی کرت کرنی ہے تے پھر انوں ضرورت انوسار ورتنا ہے تے ونڈن دے سدھانت نوں جیون وچّ اپناؤنا ہے۔

اس سدھانت نوں پکا کرن خاطر ضروری ہے کہ بندہ نت نیم نال گربانی دا پاٹھ کرے سنے۔ بار بار ایہہ گل سنن، پڑن نال ساڈے منّ وچّ پکیائی آؤدی ہے۔ اوہدا جسّ گا گا کے کرو

گورو صاحب نے ہور نقطہ وی دسیا کہ نرنکار دا جسّ جاں استت جاں گربانی گا گا کے پڑو پھر دھیان نہی بھٹکیگا۔ یاد رہے جے تسی اکانت وچ چوکڑی مار کے بہہ جاؤ تے سمجھ کہ تہاڈی سرت نرنکار تے کیندرت ہو جائیگی تاں ایہہ تہاڈی بھلّ ہے۔

کجھ اجیہا اپدیش جدوں گورو صاحب نے گنگا جمنا کنارے دتا تاں ستنام دا اواجا اٹھیا۔'ستنامُ، ست کرتار'۔

صاحب نے پھر مردانے نوں اشارہ کیتا کہ کسّ ذرا رباب دیاں تاراں تے شبد اچاریا۔

سریراگُ محلہ ۱ لبُ کتا کوڑُ چوہڑا ٹھگِ کھادھا مرداڑُ ۔۔ پر نندا پر ملُ مکھ سدھی اگنِ کرودھ

سمجھو کہ نرتے معدہ وچّ کام اتپن ہویا۔ نتیجہ نکلیا بچہ۔ بھائی جے ایہہ موہ دا تنّ ناں ہووے تاں بچے نوں کون پالیگا۔ بچے تاں پھر گلیاں بازاراں سڑھکاں تے رلنگے۔ ایہہ موہ دا ہی چمتکار ہے کہ ماں باپ آپ اوکھے رہِ کے بچے نوں سکھی کرن دی کوشش وچّ ہندے ہن۔ ایہہ موہ نے ہی سارا پروار اک سوت وچّ پرونا ہندا ہے۔

کرتے دی کھیڈ نوں سمجھن دی لوڑ ہے۔ جدوں بچہ چھوٹا جاں مجبور ہندا ہے تاں ماں باپ دے سہارے کرکے ہی جیندا ہے اوہو بچہ جدوں وڈا ہو جاندا ہے تاں موہ گھٹ جاندا ہے۔ ماں باپ انوں گھرو کڈھ دندے نے کہ جا کماتے سانوں وی موڑ۔

جیو ہی بچہ وڈا ہو جاندا ہے تاں بچپن والا موہ مکّ جاندا ہے۔ بھین بھرا وی ہولی ہولی پھر شریک دا روپ دھارن کرن لگّ جاندے نے۔

سو جدوں سمرن ویلے موہ دی ترنگ تہانوں تنگ کرے تاں گیان رانہی کرتے دی اس چلاکی نوں سمجھ لینا۔

**کرودھ -** نرنکار نے اگلی واشنا جو پائی اوہ ہے کرودھ جاں غصہ۔ جی دے مفاد تے جدوں کوئی حملہ کردا ہے تاں جی نوں غصہ آؤدا ہے جس کرکے پھر اوہ اپنا مفاد ہر طریقے بچاؤدا ہے۔ 'میرے بچے ول تیری ماڑی نگاہ کیو ہووے؟' 'ایہہ میری وہوٹی ہے'! سو کام رانہی جو ہؤمے تحت جو چیز حاصل ہوئی سی انوں بچائی رکھن واسطے پھر کرودھ مہاراج ہندے نے۔ لڑائیاں دی جڑھ کرودھ ہی ہندا ہے بھاوے اوہ شخصی لڑائی ہووے بھاوے کسے فرقے دی بھاوے قوماں دی۔

سو جدوں تسی فرصت وچّ ہندے ہو من وچّ آیا کہ کرتے کرتار نوں یاد کر لیا جاوے تاں ادوں کدی کرودھ آ ستاؤندا ہے۔"اوہ اپنی گھوڑی چھڈّ کے میری لے گیا۔" "آہ ویکھو گلی وچّ جھاڑو لا کے کوڑا ساڈے ول نوں کر دتا ہے" "اوہ کون ہووے میرے پیو نوں ہتھ لاؤن والا؟ میں کدی اوہدے منڈے نوں چھیڑیا وا!"

سو نرنکار دا تیسرا موہرا ہے کرودھ جو تہاڈا دھیان بھٹکاء دندا ہے۔ جدوں تہانوں کرودھ آوے تاں اوسے ویلے دھیان کرناں بھئی ایہہ تاں نرنکار دی چلاکی ہے۔

**لوبھ -** بندہ اپنا بھوکھ سنوارنا چاہندا ہے۔ اوہ بھوکھ واسطے سرخرو ہونا چاہندا ہے کہ آؤن والے وقت وچّ مینوں کوئی تنگی ناں آوے۔ موقعے تے جنی انوں ضرورت ہندی ہے اس توں ودھ لینا چاہندا ہے۔ اوہ سکیماں گھڑدا ہے۔ اوہ پچت کردا ہے۔ ہور نہی تاں بگانے گھر جائے تاں اپنا ڈھڈّ ہی وتوں ودھ بھر لیندا ہے۔ انج بعد وچّ بدہضمی کارن تنگ ہندا ہے۔ کیونکہ بندہ رجا جاں بھانے دا سدھانت نہی سمجھدا۔ اونوں بھروسہ نہی ہندا کہ کلھ نوں روٹی

چنڈالُ .. رس کس آپُ سلاہنا اے کرم میرے کرتار .. ١
بابا بولیئے پتِ ہوئِ .. اوتم سے درِ اوتم کہیئہِ نیچ
کرم بہہ روئِ .. ١ رہاؤ .. رسُ سوئنا رسُ رپا کامنِ
رسُ پرمل کی واسُ .. رسُ گھوڑے رسُ سیجا مندر
رسُ میٹھا رسُ ماسُ .. ایتے رس سریر کے کے گھٹِ نام
نواسُ .. ٢ جتُ بولیئے پتِ پائیے سو بولیا پرواڻُ ..
پھکا بول وگچنا سنِ مورکھ من اجان .. جو تسُ بھاوہِ
سے بھلے ہورِ کہ کہن وکھان .. ٣ تن متِ تن پتِ تن
دھنُ پلے جن ہردے رہیا سمائِ .. تن کا کیا سالاہنا اور
سوالیو کائ .. نانک ندری باہرے راچہہ دانِ ن نائ ..
٤ ٤

اندازاً مہینہ بھر صاحب نے کمبھ پریاگراج وکھے نام دے سدھانت دا پرچار کیتا۔

---♦---

## چترکوٹ ول کوچ

جدوں صاحب پریاگ وکھے ڈیرہ لائی بیٹھے سن تاں پتہ لگا کہ کجھ سادھو چترکوٹ ول جا رہے نے۔چترکوٹ اوتھوں پیدل کوئی ١٠٠ کو کلومیٹر پیندا ہے۔ مؤ تکّ صاحب جمنا وچّ کشتی رانہی گئے تے اگے پیدل۔

چترکوٹ (ضلع ستنا، مدھ پردیس) رمائن دا اوہ جنگلی علاقہ ہے جتھے بھگوان رام بنواس سمے کافی سماں رہے۔ اتھے ہی اناں دا چھوٹا بھرا بھرت اناں نوں مناؤن واسطے آ کے ملیا سی۔ چترکوٹ دا جنگلی پہاڑی علاقہ کوئی ٥٠ کلومیٹر دے نسپھ-کتر (ریڈیئس) وچّ یو پی تے ایم پی دوواں صوبیاں وچّ ونڈیا پیا ہے۔ وچّ جہڑا نالہ نکلدا ہے انوں ایہہ منداکنی ندی کہندے ہن۔ اتھے رام-گھاٹ، کمدگری پہاڑی، بھرت ملاپ، جانکی کنڈ، ہنومان دھارا، رام چھئیا جہے ستھان نے جتھے شردھالو نتمستک ہندے ہن۔

اتھے وی گورو صاحب نے سادھوآں تے شردھالوآں نوں اس اجیہے بھگوان نال جوڑیا جہدی ارادھنا رام تے ہور بھگوان کردے سن۔ اناں نوں سمجھایاں کہ نرا تیرتھ یاترا نال مکتی نہی۔ مکتی 'نام' ہے جو گورو دے در توں ملدا ہے:

تیرتھ ناون جاؤ تیرتھُ نامُ ہے .. تیرتھُ سبد بیچار ک انتر گیانُ ہے .. گر گیانُ ساچا تھانُ تیرتھُ دس پرب سدا دسا ہرا .. ہؤ نامُ ہر کا سدا جاچؤ دیہُ پربھ دھرنیدھرا .. سنسارُ روگی نامُ دارو میلُ لاگے سچ بنا .. گر واکُ نرملُ سدا چانڻُ نت ساچُ تیرتھُ مجنا .. (پورا شبد ویکھو صفعہ -٤٩٦)

چترکوٹ توں صاحب واپس پریاگ الااللہ آباد آ گئے۔

---♦---

## بابا بنارس وچّ

جھوسی (پریاگ/الااللہ آباد) توں کوئی ٧٥ کلومیٹر پورب دا سفر ہے بنارس۔ بنارس جاں کانشی جاں وارانسی ناں دا ایہہ شہر اک طرحاں نال ہندو دھرم




دا دھرا ہے جس طرحاں سکھاں دا امرتسر ہے۔ ایہہ ہندوستان دا سبھ توں پرانا شہر ہے تے دنیا دے پراتن شہراں وچو اک۔

ہندو متھیاس انوسار ایہہ شو جی دی نگری گنی گئی ہے۔ جویں برہما پیدا کرن والا، وشنوں رزق دین والا تے شو جی موت جاں ادھار کرن والا ہے۔ ہندوآ دا مننا ہے کہ بھگوان شو جی نے بھگوان برہما دے چار سراں وچوں اک وڈھّ لیا سی۔ جویں کہ پرانے سمیاں وچّ ہندا سی جیتو لڑاکا وڈھے ہوئے سر نوں ٹراپھی دی طرحاں اچا کر کے لے کے چلدا سی، شو جی وی برہما دا سر ترشول تے ٹنگ کے پھر رہے سن۔

پر جدوں بھگوان شو، کانشی پہنچے تاں برہما دا سر الوپ ہو گیا تے اس پرکار برہما دا ادھار ہو گیا، جس دا بھگوان شو نرادر کر رہے سن۔ ایسے کر کے ہی ہندواں دا مننا ہے کہ جہڑا کاشی وکھے سریر تیاگیگا اوہدا ادھار ہو جاویگا تے اوہ سدھا سورگاں نوں جائیگا۔ ایہو کارن ہے کہ بنارس اج وی ہندواں دا اک طرحاں نال شمشان گھاٹ ہے۔

کانشی دا ذکر سبھ توں پرانے بھاؤرگوید وچّ وی آؤدا ہے۔

اتھو ہی ٨وی صدی وچّ آدی شنکراچاریہ نے بھگوان شو دی ارادھنا دی سمپردا کھڑی کرکے شو جی دی ارادھنا شروع کروائی۔

اتھے ہی سارناتھ ناں دا ستھان ہے جتھوں ٥٢٨

ਪੈਰ ਸਫਾ

گیانی جی نے گورو صاحب چترکوٹ پہلی اداسی دی واپسی ویلے امرکنٹک توں آؤنا لکھیا ہے جو سارتھک نہی لگدا۔
گیانی گیان سنگھ نے لکھیا ہے کہ گورو صاحب جوگی راج مئیئر وی گئے۔ پر جے دھیان دئیے تاں اتھے جوگیاں نوں راج ١٧٧٨ ای وچّ ہی ملدا ہے اوہ وی اورچھا دے راجے نے اناں نوں جگیر دے دتی سی۔پھر وی مضمون ہور کھوج منگدا ہے۔
گیانی جی انوسار اسے علاقے وچّ ہی ہیٹھ-ششوبھت شبد رچیا سی:
برہما بسنُ مہادیؤ ترے گن روگی وچ ہؤمے کار کمائی .. جنِ کیئے تسہہ ن چیتہہ بپڑے ہرِ گرمکھِ سوجھی پائی .. ٢ ہؤمے روگِ سبھ جگتُ بیاپیا تن کؤ جنم مرن دکھ بھاری .. گر پرسادی کو ورلا چھوٹے تسُ جن کؤ ہؤ بلہاری .. ٣ جنِ سسٹِ ساجی سوئی ہرِ جانے تا کا روپُ اپارو .. نانک آپے ویکھ ہرِ بگسے گرمکھِ برہم بیچارو ..
اتھے گیانی جی لگدا ٹپلا کھا گئے ہن کیونکہ مئیئر وکھے دتاتریا مندر ہے ہی نہی تے دوسرا جہڑا شبد اناں رچن دی گل کیتی ہے اوہ چوتھے گورو صاحب دا ہے۔ سریندر سنگھ کوہلی جی نے وی گیانی جی دی گل تے پھل چڑاؤدے ہوئے ایہو کجھ لکھ دتا ہے۔ پھر گورو صاحب دا پنڈ پھریدواڑا جان دا لکھیا ہے۔ سانوں تاں مدھ پردیس وچّ کتے اس ناں دا پنڈ نہی ملیا۔




لباس وی بھگوا نہیں ہے؟ ناں ہی تسی مسلمان فقیراں والا ہرا رنگ پایا ہے۔ میرے ودیارتھی تہاڈے بارے جانن واسطے اتسک ہن؟

گورو صاحب نے بھرے اکٹھ وچ پھر سمجھایا کہ سادھو دا مشن (نشانہ) نرنکار نال میل ہندا ہے۔ اس دے واسطے رستہ صرف تے صرف صفت صالاح جاں نرنکار دی استت ہی ہے۔ ایہہ تاں ہری نال بھؤتے بھاؤ بھاؤ ڈرتے پیار دا مارگ ہے۔ گورو صاحب نے پھر سوال کیتا کہ جدوں تسی کسے نوں پیار کردے ہو تاں کی گن گن کے اپنے پریمی دا ناں لیندے ہو؟ نہیں۔تے پھر مالا رانہی ربّ دے جپے نام دی گنتی منتی دا حساب کیو کریئے؟ پریم تہاڈے ہردے وچ ہندا ہے وکھاوے وچ نہیں سو بھسم لگاؤن جاں گل وچ سالیگرام پاؤن نال گلّ کدوں بندی ہے جے آپاں ہری دا دھیان ہی ناں کراںگے۔ جے ساڈا منّ مایہ دی کھچّ توں آزاد ہی ناں ہویا تاں باقی دے سبھ کرم کانڈ وئرتھہ نے۔ گورو صاحب نے ساریاں نوں سنتشٹ کر دتا۔

گورو صاحب نے پھر مردانے نوں سچیت کر دتا بھئی رباب تے ہو جا، بانی آ رہی ہے:-

محلہ ۱ بسنتُ ہنڈول گھرُ ۲   ستگور پرسادِ ..



گورو صاحب دے ویلے بنارس کجھ ایہو جیہا سی۔ حالاں ایہہ ہتھ-تصویر اوہناں دے آؤن توں ۳۲۳ سال بعد دی ہے۔- جے ڈی ہارڈنگ نے کھچی بنارس دی پتھرتے تصویر

سال گرام بپ پوج مناوہُ سکرتُ تلسی مالا .. رام نامُ جپِ بیڑا باندھہُ دئیا کرہُ دیالا .. ۱ کاہے کلرا سنچہُ جنمُ گواوہُ .. کاچی ڈھہگِ دوال کاہے گچّ لاوہُ .. ۱ رہاؤ .. کر ہریٹ مال ٹنڈ پرووہُ تسُ بھیترِ منُ جووہُ .. امرتُ سنچہُ بھرہُ کیارے تؤ مالی کے ہووہُ .. ۲ کامُ کرودھ دئِ کرہُ بسولے گوڈہُ دھرتی بھائی .. جیو

عیسئی پورب مہاتما بدھ نے دھارمک پرچار دی شروعات کیتی سی۔ بھگت کبیر صاحب وی ایسے شہر دے ہوئے ہن۔تلسی داس نے رمائن وی ایسے شہر وچ رہندیاں لکھی سی۔بنارس دیاں لکھتاں مطابق گورو صاحب اتھے شوراتری دے موقعے آئے سن۔

کیونکہ سمیں براہمن لوک شردھالو دے شوشن وچ اتّ کر دندے سن جس کرکے مسلمان حکمراناں نوں بہانہ مل جاندا سی شہر دے مندراں نوں لٹن پٹن دا۔ کیہا جاندا ہے کہ کتبدین ایبک نے اتھوں دے سیکڑے مندر ڈھاہ سٹے تے ۱۴۰۰ اوٹھ بھر کے اتھوں سونا لٹیا۔ اکبر نوں چھڈّ باقی لگبھگ بہتے مسلمان شاسکاں نے بنارس نوں لٹیا تے برباد کیتا۔

اتھے وی گورو صاحب نے براہمناں نوں سچیت کیتا کہ شردھالو دا شوشن تہاڈے واسطے خدکشی نیائی ہے۔ سو سریر نوں کوہ کے نرنکار دی خوشی پراپت کرن دے سدھانت دا ایتھے وی کھنڈن کیتا۔کرم کانڈ دا کھنڈن تاں صاحب تھاں تھاں کردے ہی سن۔ شوراتری موقعے پہنچے وڈی گنتی وچّ سادھو سنتاں نوں نام دے سدھانت توں جانو کروایا۔

---♦---

بابا بنارس وچّ

## کی پڑائی لکھائی نرنکار دے راہ وچ سہائی ہندی ہے؟

اتھے نال اساں گنگے کنڈھے دے بنارس دی ۱۸۳۲ وچّ اک انگریز دوارا بنائی پیٹنگ دی کاپی دتی ہے جس توں پاٹھک نوں اندازہ لگّ جائیگا کہ اونی دنی اس دھارمک ستھان دا ماحول کیہو جیہا سی۔ کھبے ہتھ اچے تھڑے تے پنڈتاں دے اڈے ہن۔ وکھ وکھ قسم دی پوجا چل رہی ہے کوئی پنڈ بھرا رہا، کوئی کجھ۔ جدوں گورو صاحب گنگا کنڈھے آئے اتھے سنسکرت دے ودیارتھیاں دی وڈی جماعت دھپے چل رہی سی۔ گورو صاحب دا لباس ویکھکے سبھ کھڑ کھڑا کے ہسّ پئے۔ "بھئی ایہہ کھڑی ونگی دا سادھ ہے؟"

پنڈتاں نوں موقع مل گیا، گورو صاحب ل نیوا دکھاؤن دا۔ کئی دناں توں گورو صاحب براہمناں دے کئی سدھانتاں دا کھنڈن جو کری آ رہے سن۔

آخر ودیارتھیاں دے ادھیاپک چتر داس نے گورو صاحب نوں بینتی کرکے پچھیا کہ جناب تسی کہڑی سمپردا نال سبندھ رکھدے ہو؟ ناں تہاڈے متھے تے تلک ہے، ناں کوئی بھسم اشنان کیتا ہویا، ناں ہی تلسی مالا ہے، ناں ہی شولنگ تہاڈے گل ہے، تہاڈا

بیبانی مڑی مسانی .. اندھ ن جانے پھرِ پچھتانی .. ستگور بھیٹے سو سکھ پائے .. ہر کا نامُ منّ وسائے .. نانک ندرِ کرے سو پائے .. آس اندیسے تے نہکیولُ ہؤمے سبدِ جلائے .. ۲

صاحب نے سمجھایا کہ روحانیت دا گیان تاں صرف اک اکھر دا ہے، ہری بھگوان دی ہوند نوں سویکار کرن دا۔ اپنی اوقات نوں پچھانن دا ہے۔ کہ اک دن تیری ساری پڑھائی، تیری ساری ودیا تے سارا دھن خاک نیائی ہونا ہے کیونکہ توں آپ اس مٹی دا حصہ ہونا ہے۔ سو ضرورت تاں ہے سچ پچھانن دی۔ سچ دا ناں ہی نرنکار ہے۔ ستنام ہے۔

باقی جدوں آپاں ہر جس رانہی نرنکار دی کھشی پراپت کر لیندے ہاں تاں دنیاوی ورتارے دا وی گیان سانوں ہون لگّ جاندا ہے۔ رشی، منیاں، پیراں، فقیراں، اوتاراں، پیغمبراں دی کہانی سانوں سمجھ آجاندی ہے۔ ویداں، شاستراں، قراناں، بائیبلاں دا سانوں گیان ہو جاندا ہے۔ اسیں برہمنڈ دے گیاتا وی ہو جاندے ہاں۔ ایہہ دھرتی، چندرما سورج، دھرتی تے موجود سمندر ٹاپو دریا نالے پربت پہاڑاں بارے سانوں سہج سبھا ہی گیان ہو جاندا ہے۔ سریرک کریاواں دی وی سمجھ لگّ جاندی ہے جس واسطے جوگی لوک جیون لا دندے نے۔ موت دا ڈر پھر پوہدا نہی۔

سو انندمئی جیون لئی سبھ توں ضروری ہے حکم نوں سمجھنا۔ پہلاں اپنی اوقات پچھاننا۔ اس توں بعد جے تسی دنیاوی پڑائی کردے ہو تاں سونے تے سہاگا والی گل۔ پر یاد رکھنا دنیاوی پڑائی تہانوں چڑھدی کلا جاں انند والا جیون نہی دے سکدی۔

سنئیے سدھ پیر سرِ ناتھ .. سنئیے دھرتِ دھول آکاس .. سنئیے دیپ لوء پاتال .. سنئیے پوہِ ن سکے کالُ .. نانک بھگتا سدا وگاسُ .. سنئیے دوکھ پاپ کا ناسُ .. ۸ سنئیے ایسرُ برما انڈُ .. سنئیے مکھ سالاہن منڈُ .. سنئیے جوگ جگتِ تنِ بھید .. سنئیے ساست سمرتِ وید .. نانک بھگتا سدا وگاسُ .. سنئیے دوکھ پاپ کا ناسُ .. ۹ سنئیے ستُ سنتوکھُ گیانُ .. سنئیے اٹھسٹھ کا اسنانُ .. سنئیے پڑِ پڑِ پاوہِ مانُ .. سنئیے لاگے سہج دھیانُ .. نانک بھگتا سدا وگاسُ .. سنئیے دوکھ پاپ کا ناسُ .. ۱۰ سنئیے سرا گنا کے گاہ .. سنئیے سیخ پیر پاتساہ .. سنئیے اندھے پاوہِ راہُ .. سنئیے ہاتھ ہووے اسگاہُ .. نانک بھگتا سدا وگاسُ .. سنئیے دوکھ پاپ کا ناسُ .. ۱۱ منے کی گتِ کہی ن جائ .. جے کو کہے پچھے پچھتائ .. کاگدِ قلم ن لکھنہارُ .. منے کا بہہ کرنِ ویچارُ .. ایسا نامُ نرنجنُ ہوئِ .. جے کو منّ جانے منِ کوئِ .. ۱۲ منے سرتِ ہووے منِ بدھ .. منے سگل بھون کی سدھِ .. منے موہِ چوٹا نہ کھائِ .. منے جم کے ساتھ ن جائ .. ایسا نامُ نرنجنُ ہوئِ .. جے کو منّ جانے منِ کوئِ .. ۱۳ منے مارگِ ٹھاک ن پائِ .. منے پتِ سیؤ پرگٹُ جائ .. منے مگُ ن چلے پنتھُ .. منے دھرم سیتی سنبندھُ .. ایسا



گوڈھ تیؤ تم سکھ پاوہُ کرتُ ن میٹیا جائی .. ۳ بگلے تے فنِ ہنسلا ہووے جے تو کرہِ دیالا .. پرنوتِ نانکُ داسنِ داسا دئیا کرہُ دیالا .. ۹ ۱ ٤

گورو صاحب بارے چتر داس پہلاں ہی بہت کجھ سن چکا سی۔ رہندی باقی گورو صاحب نے اوہدے ستھان تے آکے پوری کر دتی۔ گورو صاحب نے وی چتر داس نوں کھل دے دتی کہ اوہ منّ آؤدا پرشن پچھ سکدا ہے۔

کیونکہ گورو صاحب جو بانی کہہ رہے سن اس وچّ پنجابی بھاشا بھارو سی۔ چتر داس نے گورو صاحب نوں سجھاء دتا کہ گورو جی تسی اتھے رہِ کہ سنسکرت سکھوتے بہتر ہووے جے تسی اپنی رچنا سنسکرت وچّ ہی رچو تاں کہ سبھ ودواناں تکّ گل جاوے۔ کیونکہ گورو صاحب پہلاں ہی پنڈت برجناتھ کولوں سنسکرت پڑھ چکے سن گورو صاحب نے چتر داس نال سنسکرت وچّ گل کرنی شروع کر دتی۔نال حاضر لوک سبھ لگے گورو صاحب دا منہ ویکھن۔ اس سوال تے وی چتر داس نے شرم محسوس کیتی تے گورو صاحب توں معافی منگی۔ گورو صاحب نے چتر داس نوں سمجھایا کہ اس بولی وچّ گل کرن دا کی فائدہ جس نوں لوک سمجھ ہی ناں سکن۔ اناں سمجھایا اک اجیہی بھاشا لوکاں تے ودواناں وچّ فرق لیا کھڑا کردی ہے جس نال ودوان ہؤمیدھاری ہو جاندا ہے۔

اوتھے موجود پھر ہر کسے دے بلاں تے سوال سی کہ کی پاٹھشالا دی ودیا نرنکار دے رستے وچّ سہائی ہندی ہے؟ گورو صاحب نے پھر آسا دی وار والا سلوک پڑیا

سلوکُ م ۱ پڑِ پڑِ گڈی لدیئہہ پڑِ پڑِ بھریئہہ ساتھ .. پڑِ پڑِ بیڑی پائیئے پڑِ پڑِ گڈیئہہ کھات .. پڑیئہِ جیتے برس برس پڑیئہِ جیتے ماس .. پڑیئے جیتی آرجا پڑیئہِ جیتے ساس .. نانک لیکھے اک گل ہورُ ہؤمے جھکھنا جھاکھ .. ۱ م ۱ لکھ لکھ پڑیا .. تیتا کڑیا .. بہو تیرتھ بھویا .. تیتو لویا .. بہو بھیکھ کیا دیہی دکھ دیا .. سہُ وے جیا اپنا کیا .. انُّ ن کھایا ساڈُ گوایا .. بہو دکھ پایا دوجا بھایا .. بستر ن پہرے .. اہنِس کہرے .. مون وگوتا .. کیؤ جاگے گر بنُ سوتا .. پگ اپیتانا .. اپنا کیا کمانا .. الُ ملُ کھائی سرِ چھائی پائی .. مورکھ اندھے پتِ گوائی .. ونُ ناوے کچھ تھائ ن پائی .. رہے

کیونکہ ہر تھاں شوکھم اوستھا وچّ جیون ہے۔ گوہے تے لکڑی جو تسی بالدے ہو اوہدے وچّ وی جیون ہے۔

گورو صاحب تے مردانے نے پھر اچی سر وچّ بیٹھ لکھیا سبد گایا تے سبھ نوں نہال کر دتا:-

جے کرِ سوتکُ منیئے سبھ تے سوتکُ ہوئِ ۔۔ گوہے اتے لکڑی اندرِ کیڑا ہوئِ ۔۔ جیتے دانے انّ کے جیا باجھ ن کوئِ ۔۔ پہلا پانی جیؤ ہے جتُ ہریا سبھ کوئِ ۔۔ سوتکُ کیؤ کرِ رکھیئے سوتکُ پوے رسوئِ ۔۔ نانک سوتکُ ایوَ ن اترے گیانُ اتارے دھوئِ ۔۔ ١ م ١ من کا سوتکُ لوبھ ہے جہوا سوتکُ کوڑُ ۔۔ اکھی سوتکُ ویکھنا پر ترء پر دھن روپُ ۔۔ کنی سوتکُ کنِ پے لاعتباری کھاہِ ۔۔ نانک ہنسا آدمی بدھے جم پرِ جاہِ ۔۔ ٢ م ١ سبھو سوتکُ بھرمُ ہے دوجے لگے جائِ ۔۔ جمن مرنا حکمُ ہے بھانے آوے جائِ ۔۔ کھانا پینا پوترُ ہے دتونُ رجقُ سمباہِ ۔۔ نانک جنی گرمکھِ بجھیا تنا سوتکُ ناہِ ۔۔ ٣

ایسے طرحاں پھر گورو صاحب نے زنانیاں دی ماہواری دے سبندھ وچّ وی لوکاں نوں جانو کروایا کہ اس نال کوئی اپوتر نہی ہو جاندا۔ یاد رہے عورت دی ماہواری موقعے وی پنڈت لوکاں دا بہت ہی سخت انوشاسن ہندا سی۔ کتے کتے تاں دھی بھین نوں گھر دی کسے نقر وچّ بٹھا دتا جاندا سی۔ دکھن وچّ اج وی رواج ہے کہ دھی بھین نوں اک نقر وچّ جھونپڑی پا دتی جاندی ہے۔

گورو صاحب نے سمجھایا کہ اصل سچّ تاں سچے ہویاں ہے۔ اوہ کاہدی سچّ جے جیون وچّ جھوٹھ ہی جھوٹھ ہے تاں:

جیو جورو سرناونی آوے وارو وار ۔۔ جوٹھے جوٹھا مکھ وسے نت نت ہوئِ خوارُ ۔۔ سوچے ایہِ ن آکھیئہِ بہنِ جِ پنڈا دھوئِ ۔۔ سوچے سیئی نانکا جن منِ وسیا سوئِ ۔۔

چتر داس نے عینی کو شرم محسوس کیتی کہ ضدّ کرن لگّ پیا کہ صاحب اگلا بھوجن ساڈے گھر چھکو۔

---♦---

بابا بنارس وچّ

### سادھواں پچھیا بابا جی موت دا وی کوئی علاج ہے؟ Ô

موت دے سچ نوں سمجھنا جاں حکم نوں سمجھ لینا ہی موت تے جت ہے۔

بنارس اک دنِ گورو صاحب کول کجھ سادھو سنت اکٹھے ہو کے آ کے لگے پرشن کرن۔ "بابا جی تہاڈے تے بھگوان کھشّ ہے، کرپا کرکے موت بارے کجھ دسو بڑا ڈر لگدا جدوں دھیان جاندا ہے۔ کی ایہدا وی کوئی علاج ہیگا؟"

گورو صاحب نے سادھواں دے مونہو ایہہ سوال سن کے حیرانی پرگٹ کیتی۔ سادھواں نوں اسیس دندے ہوئے گورو صاحب نے فرمایا کہ ایہہ سوال تاں اک سادھو واسطے مڈھلا ہونا چاہیدے۔ جدوں بندہ

نامُ نرنجنُ ہوئِ ۔۔ جے کو منّ جانے منِ کوئِ ۔۔ ١٤ منے پاوہِ موکھ دوارُ ۔۔ منے پروارے سادھارُ ۔۔ منے ترے تارے گرُ سکھ ۔۔ منے نانک بھوہِ ن بھکھ ۔۔ ایسا نامُ نرنجنُ ہوئِ ۔۔ جے کو منّ جانے منِ کوئِ ۔۔ ١٥

---♦---

بابا بنارس وچّ

### اک وار پھر اٹھ کھلوتا سوتک پاتک دا سوال

چتر داس گورو صاحب دی ادھینگی سویکار کر چکا سی۔ گورو صاحب دے رہن واسطے اس کیہا کہ تسی ساڈے فلانے چیلے دے گھر چلو۔ گورو صاحب نے نمرتا ساہت اناں دا نؤندا منا کر دتا۔ گورو صاحب نے کیہا کہ اسیں فلانے تھاں (جنو اج کلھ گورو باغ کیہا جاندا ہے، ریلوے سٹیشن لاگے) اپنا ٹکانا بنا چکے ہاں۔ سادھو سنت نے آ کے سانوں ملنا ہندا ہے۔ چتر داس کہن لگا کہ میں تہانوں اپنے ہی گھر لجاندا پر میری مشکل ایہہ ہے کہ گھر وچّ سوتک دی اوستھا چل رہی ہے۔ دھی دا جنیپا ہویا ہے۔ دوہتری آئی ہے جی۔

نوٹ- سوتک: ہندو لوک جنیپے ویلے گھر نوں اپوتر مندے ہن۔ اس اوستھا نوں سوتک کہندے ہن۔ عموماً سوا مہینہ بچے دی ماں رسوئی وچّ نہی وڑ سکدی۔ گھر دے جیاں دا مندر جانا منا ہندا ہے۔ ایہہ سماں وکھ وکھ جاتاں واسطے وکھرا ہے۔ براہمن دے گھر -١٠ دن، کھتری- ١٥ دن، ویش- ٢٠ دن، شودر-٣٠ دن۔

جے گھر وچّ مجھّ گاں بکری سوئی ہووے تاں وی گھر وچّ اک دن دا سوتک منیا جاندا ہے۔

پاتک - جدوں گھر وچّ کسے میمبر دی موت ہو جاوے تاں اس اپوترتا نوں پاتک کیہا جاندا ہے۔ اودوں وی گھر نوں اشدھ منیا جاندا ہے۔

خیر اپنے چیلے دے گھر اک دن گورو صاحب دی روٹی ورجی گئی۔چتر داس نے گورو صاحب نوں بڑے غرب نال دسیا کہ ساڈے اتھے بنارس وچّ جیون بالکل شاستراں انوسار چلدا ہے۔ چترنے دکھایا کہ کوے بھوجن بناؤن ویلے سچّ دا پورا دھیان رکھیا جاندا ہے۔ چوکا کار کڈھی جاندی ہے۔

گورو صاحب نے چتر داس دی گل وچوں ٹوک دتی۔ صاحب نے کیہا کہ ایہہ چوکا تہاڈے اصولاں دے مطابق پوتر نہی ہے۔ چتر کہن لگا جی اجیہی کوئی گل نہی ہے۔ گورو صاحب نے کیہا نہی اتھے سوتک والی اوستھا ہے۔ چلھے وچّ جہڑا چوء بل رہا سی گورو صاحب نے اس نوں ہتھ وچّ لیا۔ توڑیا تے وچوں گھنّ (موٹی سنڈی) نکل آیا۔ اک پاسے گھن دے انڈے وی صاحب نے دکھا دتے۔ چتر داس نوں کیہا کہ آہ ہے تہاڈا انوشاسن۔

صاحب نے پھر پنڈت تے سبندھت پروار نوں سمجھایا کہ ایہہ سوتک پاتک دا سدھانت نری اگیانتا تے پاکھنڈ ہے۔ جے سوتک دے سدھانت نوں منّنا شروع کر دئیے پھر تاں سبھ استھان بھٹے ہوئے ہو گئے۔

بنارس وچّ بابا

## مڑیاں مساناں سمادھاں دی پوجا

بنارس اک طرحاں نال ہندومت دیاں مڑیاں ہن بھاوَ شمشان گھاٹ ہے۔ اتھے اج وی ہر ونگی دا دھارمک دھندھا چلدا ہے۔ شو جی دے اپاشک جوگی لوک تاڑی لائی بیٹھے رہندے نے، مورتی پوجا دے اپاشک زور شور نال ٹلّ وجا رہے ہندے نے، کوئی اتھے اگھوری سادھو بھاوَ تنتر ودیاں والے، اتھے تہانوں سنگیت سکھاؤن والے وی ملنگے، دھارمک ودیا دین والے وی پنڈت۔ گورو صاحب جدو اتھے گئے تاں جویں وکھ وکھ ونگیاں دے ڈیریاں دے ٹاؤٹ بندے نوں آ گھیردے ہن ایسے طرحاں گورو صاحب نوں وی آ گھیریا سی۔ گورو صاحب نے ہر قسم دے بندے نال سنواد رچایا اناں دے سبندھت ڈیرے گئے تے جا کے ہر کسے دا ادھار کیتا تے برے کرم کرن توں ہٹا لوکاں نوں نام نال جوڑیاں۔





(ہیٹھاں) گرودوارہ گورو نانک باغ بنارس۔
(سجے اتے) گرودوارہ صاحب دا دروازہ

ایسے طرحاں جدوں مساناں دی پوجا کرن والیاں گورو صاحب نوں گھیریا تاں اناں (صاحب نے) کیہا کہ میں کسے قبر مڑی جاں شمشان گھاٹ نوں نہی مندا میرا ایشور تاں سدا میرے انگ سنگ ہے۔ تیرتھ ناون جاؤ تیرتھُ نامُ ہے .. تیرتھُ سبد بیچار ک انتر گیانُ ہے .. گر گیانُ ساچا تھانُ تیرتھُ دس پرب سدا دساہرا .. ہؤ نامُ ہر کا سدا جاچؤ دیہُ پربھ دھرنیدھرا .. کیہا جاندا کہ ہیٹھ دتا سورٹھ راگ والا شبد گورو صاحب نے اتھے کانشی وکھے ہی اچاریا سی:-

سورٹھ محلہ ۱ گھرُ ۱ اسٹپدیا چؤتکی    ستگور پرسادِ ..

دبدھا ن پڑؤ ہرِ بنُ ہورُ ن پوجؤ مڑے مسانِ ن جائی ..

> ਪੈੜ ਸਰੋਤ
> Ô سوڈھی مہروان ادھارت
> و سائیکل یاتری- ۱۱۰ انوسار، ۱۹۳۰ ویلے تاں بنارس دے گورو باغ دی جگہ کافی کھلی ڈلی سی۔

سادھ بندا ہے اوہدا فرض ہے کہ اپنے گورو کولو سبھ توں پہلاں ایہہ سوال کرے۔ کہ موت توں کوے بچنا ہے؟

موت دے سچ نوں سمجھ لینا ہی موت تے جت ہے۔ گورو صاحب نے کیہا کہ جنم مرن دے ورتارے دی سمجھ سانوں نرنکار دے حکم نوں سمجھن اپرنت پیندی ہے۔"سبدِ مرے پھرِ مرنُ ن ہوئِ .."اتھے ہر جی جنت ناسوان ہے۔ تھر کجھ وی نہی۔ ساڈے توں پہلاں وی لکھاں پیہڑیاں ہو چکیاں نے۔" ایسا ساچا توں ایکو جانُ .. جمن مرنا حکمُ پچھانُ .." ایہہ اٹل سچائی جیون دے شروعات وچّ ہی انسان نوں پتہ ہونی چاہیدی ہے۔روحانیت دے مارگ دی ایہہ پہلی پؤڑی ہونی چاہیدی ہے۔

گورو صاحب نے اس گمبھیر پکھ نوں کوے سمجھایا اسیں تاں صرف اندازہ ہی لا سکدے ہاں۔ گورو صاحب دا جواب سن کے سادھو سنت اشّ اشّ کر اٹھے۔ دھنّ گورو نانک۔ دھنّ اوہ جننی جس نے تینوں جایا۔

موت دے مضمون تے گورو صاحب نے پھر کئی شبد بھیرؤ راگ وچّ اچارن کیتے۔ ساتھ دتا بھائی مردانے نے:-

بھیرؤ محلہ ۱    نینی درسٹِ نہی تنُ ہینا جرِ جیتیا سرِ کالو .. روپُ رنگُ رہسُ نہی ساچا کیؤ چھوڈے جم جالو .. ۱ پرانی ہر جپِ جنمُ گیئو .. ساچ سبد بنُ کبہُ ن چھوٹسِ برتھا جنمُ بھیو .. ۱ رہاؤ .. تن مہہ کامُ کرودھ ہؤ ممتا کٹھن پیر اتی بھاری .. گرمکھ رام جپہُ رسُ رسنا ان بدھ ترُ تو تاری .. ۲ بہرے کرن عقلِ بھئی ہوچھی سبد سہجُ نہی بوجھیا .. جنمُ پدارتھُ منمکھ ہاریا بنُ گر اندھ ن سوجھیا .. ۳ رہے اداسُ آس نراسا سہج دھیانِ بیراگی .. پرنوتِ نانک گرمکھ چھوٹسِ رام نامِ لو لاگی .. ۴ ۲ ۳

گورو صاحب دی وچاردھارا ایہہ دسدی ہے کہ موت نوں سویکار کرن اپرنت جو جیون بچدا ہے اوہ انند ہی انند ہے۔

بھیرؤ محلہ ۱    بھونڈی چال چرن کر کھسرے تچا دیہہ کملانی .. نیتری دھندھِ کرن بھئے بہرے منمکھ نامُ ن جانی .. ۱ اندھلے کیا پایا جگ آئِ .. رامُ ردے نہی گر کی سیوا چالے مولُ گوائِ .. ۱ رہاؤ .. جہوا رنگِ نہی ہر راتی جب بولے تب پھیکے .. سنت جنا کی نندا وِیاپسِ پسو بھئے کدے ہوہِ ن نیکے .. ۲ امرت کا رسُ ورلی پایا ستگور میلِ ملائے .. جب لگُ سبد بھیدُ نہی آیا تب لگُ کالُ سنتائے .. ۳ ان کو درُ گھرُ کبہو ن جانسِ ایکو درُ سچیارا .. گر پرسادِ پرم پدُ پایا نانکُ کہے وچارا .. ۳ ۴

سو موت نوں سویکار کرناں سچ مارگ دی پہلی پؤڑی ہے۔

---♦---

کیتا۔ اناں نے منیا کہ وید کرم کانڈ (وکھاوا انگریزی رٹل ور چرمونے) تے زور دندا ہے۔ گورو صاحب نے ایتھے جہڑی گل کہی اوہ اجدھیاں وکھے وکھیان دوران وی دہرائی کہ کوے صفت صلاحَ جاں جسّ گا کے ہی اگلے دی کھشی حاصل کر سکدے ہاں۔ (دیکھو پنہ ١٢٥)

گورو صاحب نے سمجھایا کہ وید تاں صرف رسماں ہی نردھارت کردے ہن تے گیان نوں اناں رسماں نوں یوگ ٹھہراؤن لئی ورتدے ہن۔ وید ہرگز نرنکار پراپتی دا سادھن نہی ہن۔ ویداں نے اپنے ہی حساب پاپ تے پنّ دیاں پریبھاشاواں گھڑیاں ہوئیاں ہن تے پھر اناں دے انوسار نرک تے سورگ دا جھانسا دتا جاندا ہے لوکاں نوں۔ اک سہم پایا جاندا ہے لوکاں دے مناں وچّ۔ سچ تے زور نہی دتا گیا۔ گیان راہی ہی نرنکار ہری نوں سمجھنا پویگا تے پھر ایکے دے سچ نوں جیون وچّ اپناؤنا پویگا۔ نرنکار دیاں کرتاں نوں ہی وید پوجا دا سادھن بنائی جا رہے ہن۔ "پنڈت پڑھِ وکھانہہ ویدُ .. انتر وستُ ن جانہِ بھیدُ .. گر بنُ سوجھی بوجھ ن ہوئِ .. ساچا روِ رہیا پربھ سوئِ .." ایہہ اگّ، بدل، سورج، پپل آدی سبھ نرنکار دیاں رچناواں ہن۔ اوہ نرنکار ربّ نہی ہن۔ اکثر وید بلی دا اپدیش دندے ہن۔ ایہہ نرنکار دیاں کرتاں دا نرادر ہے، ظلم ہے۔ ربّ دے جیاں نوں جاتاں دے ادھارتے ونڈدے ہن۔ پر ربّ دے راہ دا پاندھی بھاؤتے بھؤ کرکے ہی اس دی خوشی حاصل کر سکدا ہے۔

حاضر پنڈت نے سوال کر دتا کہ تسی کوے کہہ سکدے ہو کہ وید گیان ربّ دی پراپتی دا راہ نہی۔ ایہہ تاں کھدّ بھگوان برہما دے رچے ہوئے ہن۔ صاحب نے فرمایا " سام ویدُ رگُ ججرُ اتھربنُ .. برہمے مکھ مایہ ہے ترے گن .. تا کی قیمتِ کہہ ن سکے کو تیؤ بولے جیو بولائدا .." صاحب نے سمجھایا کہ ایہہ وید بانی پدارتھواد وچّ ہی الجھی پئی ہے۔ اناں نوں نہی احساس کہ نرنکار پربھو تاں تہاڈے انگ سنگ ہے۔ پنڈت نے زیادہ ضدّ کیتی تاں گورو صاحب نے انوں یاد دوایا کہ بنارس شہر دی تاں اتپتی ہی برہما دی مرتو تو ہے۔ شو جی نے برہما دا سیس کٹّ لیادا سی۔ پنڈت نوں سوال کیتا کہ اتھے کون جائز ہے شو بھگوان جاں بھگوان برہما؟

گورو صاحب نے کیہا کہ ویداں وچّ سوہنا گیان ہے پر ایہہ پربھو پراپتی دی گل ہرگز نہی۔

اوتھے ہی گورو صاحب نے پھر شبد اچارے تے مردانے دی ہیک نے رنگ بنّ دتا:-

م ١ بیدُ پکارے پنُ پاپُ سرگ نرک کا بیؤ .. جو بیجے سو اگوے کھاندا جانے جیؤ .. گیانُ صلاحے وڈا کرِ سچو سچا ناؤ .. سچُ بیجے سچُ اگوے درگہ پائیے تھاؤ .. بیدُ وپاری گیانُ راسِ کرمی پلے ہوئِ .. نانک راسی باہرا لدِ ن چلیا کوئِ ..

پنڈت تے سادھو جن جہڑے حاضر سن، سبھ گورو صاحب دی چرنی لگے کہ ساڈے دھنبھاگ ہن جو

راچِ ن پر گھرِ جاوا ترسنا نامِ بجھائی .. گھر بھیترِ گھرُ
گورو دکھایا سہجِ رتے من بھائی .. تو آپے دانا آپے
بینا تو دیوہِ متِ سائی .. ١ منُ بیراگِ رتؤ بیراگی
سبدِ منُ بیدھیا میری مائی .. انتر جوتِ نرنتر بانی
ساچے صاحب سیؤ لو لائی .. رہاؤ .. اسنکھ بیراگی
کہہ بیراگ سو بیراگی جِ خسمے بھاوے .. ہردے سبدِ
سدا بھے رچیا گر کی کار کماوے .. ایکو چیتے منوآ ن
ڈولے دھاوت ورجِ رہاوے .. سہجے ماتا سدا رنگِ راتا
ساچے کے گن گاوے .. ٢ منوآ پؤنُ بندُ سکھواسی
نامِ وسے سکھ بھائی .. جِہبا نیتر سوتر سچِ راتے جلِ
بوجھی تجھہِ بجھائی .. آس نراس رہے بیراگی نج
گھرِ تاڑی لائی .. بھکھیا نامِ رجے سنتوکھی امرتُ
سہجِ پیائی .. ٣ دبدھا وچِ بیراگُ ن ہووی جب لگُ
دوجی رائی .. سبھ جگُ تیرا تو ایکو داتا اورُ ن دوجا
بھائی .. منمکھ جنت دکھِ سدا نواسی گرمکھِ دے
وڈیائی .. اپر اپار اگمّ اگوچر کہنے قیم ن پائی .. ٤
سنّ سمادھ مہا پرمارتھ تینِ بھون پتِ نامس ..
مستکِ لیکھ جیا جگِ جونی سرِ سرِ لیکھ سہامس ..
کرم سکرم کرائے آپے آپے بھگتِ درڑامس .. منِ مکھ
جوٹھ لہے بھے مانس آپے گیانُ اگامس .. ٥ جن
چاکھیا سیئی سادُ جانِ جیو گنگے مٹھیائی .. اکتھے
کا کیا کتھیئے بھائی چالؤ سدا رجائی .. گرُ داتا میلے
تا متِ ہووے نگرے متِ ن کائی .. جیو چلائے تیؤ چالہ
بھائی ہور کیا کو کرے چترائی .. ٦ اکِ بھرمِ بھلائے
اکِ بھگتی راتے تیرا کھیلُ اپارا .. جتُ تدھُ لائے تیہا پھلُ
پایا تو حکمِ چلاونہارا .. سیوا کری جے کچھ ہووے اپنا
جیؤ پنڈُ تمارا .. ستگورِ ملیئے کرپا کینی امرت نامُ
ادھارا .. ٧ گگننتر واسیا گن پرگاسیا گن مہہ گیانِ
دھیانس .. نامُ منِ بھاوے کہے کہاوے تتو تتُ
وکھانس .. سبدُ گر پیرا گھر گمبھیرا بنُ سبدے جگُ
بؤرانس .. پورا بیراگی سہجِ سبھاگی سچُ نانک منُ
مانس .. ٨ ١

---♦---

بنارس وچّ بابا

## پھر پنڈتاں آ گھیریا۔ بابا گلّ تیری منیئے کہ ویداں دی؟

گورو صاحب اجے بنارس وچّ ہی سن کہ اک دن کجھ براہمن تے نال کجھ سادھو وی گورو صاحب دے آ حاضر ہوئے۔ اوناں کیہا کہ :-

سینکڑے سالاں توں وید مانوتا دا مارگ-درشن کر رہے نے۔ تسی جو گلاں کہہ رہے ہو اوہ بالکل الٹ ہے۔ تسی سانوں دبدھا وچّ پا دتا ہے۔ ساڈی پنڈت چتر داس نال گل ہوئی ہے اوہ وی تہاڈے والی گل ہی کہہ رہے نے۔ اسیں ساری عمر ویداں توں اداہرناں دے کے لوکاں دا کلیان کیتا ہے۔ تسی سانوں دو اکھراں وچّ جواب دیو کہ وید انوسار دسیا کرم کانڈ صحیح ہے کہ گیان والی گل جہڑی تسی کہہ رہے ہو؟

گورو صاحب نے سبھ توں پہلاں اناں دا غصہ ٹھنڈا

ســروڑ تو ہنسُ .. کؤلُ تو ہے کویا تو ہے آپے ویکھ وگسُ .. ٢٥ ٤

مردانے دی رباب نے نال اجیہا رنگ بنّ دتا کہ ہر کوئی ســدھ بدھ بھلا بیٹھا۔ ہر کوئی بولے دھنّ بابا نانک توں آپ ہی نرنکار اے۔

## ہور وی کئی تھانئی ایہو سوال اٹھیا سی۔

ایہہ سـبھ پاسـے ہری آپ ہی کھیڈ کھیڈ رہا ہے۔ اس فلسفے تے پھر تھانئی تھانئی سوال اٹھے سن۔ انیکاں ہی سـبد پھر گورو صـاحب نے وکھ وکھ موقعیاں تے اچارے ہن۔ گورو گرنتھ صــاحب وچ براجمان ویکھو کجھ اک شبداں دیاں سبندھت تکاں:

ڈھڈھے ڈھاہِ اسارے آپے جیو تسُ بھاوے توے کرے .. کرِ کرِ ویکھے حکمُ چلائے تسُ نســتارے جا کؤ ندرِ کرے .. (سگگس-٤٣٣)

آپے ســاجے کرے آپِ جائی بھ رکھے آپِ .. تسُ وچِ جــنت اپائِ کے دیکھے تھاپِ اتھاپِ .. کس نو کہئے نانکا سبھ کچھ آپے آپِ ..(سگگس-٤٧٥)

جو دیســــے سو آپے آپِ .. آپ اپائِ آپے گھٹ تھاپِ ..(سگگس-٩٣١)

آپے آپِ ورتدا آپ تاڑی لائیئنُ .. آپے ہی اپدیســــدا گــرمکھِ پتیائیئنُ .. اکِ آپے اجھڑِ پائینُ اکِ بھگتــی لا ئیئنُ .. جسُ آپِ بجھائے سو بجھســی آپے نائ لائیئنُ .. نانک نامُ دھیائیئ سچی وڈیائی ..(سگگس-٩٥٦)

سریراگُ محلہ ١ آپے گن آپے کتھے آپے سنِ ویچارُ .. آپے رتنُ پرکھ توں آپے مولُ اپارُ .. ساچؤ مانُ مہتُ توں آپے دیونہارُ .. ١ ہرِ جیؤ توں کــرتا کــرتارُ .. جیو بھاوے تــیؤراکھ توں ہر نامُ ملے آچارُ .. ١ رہاؤ .. آپے ہیرا نــرملا آپے رنگُ مجیٹھ .. آپے موتــی اوجلو آپے بھگت بســیٹھ .. گرکے سبدِ سلاہنا گھٹِ گھٹِ ڈیٹھُ اڈیٹھُ .. ٢ آپے ســاگرُ بوہتھا آپے پارُ اپارُ .. ســاچی واٹ ســجانُ توں ســبدِ لگھاونہارُ .. نڈریا ڈرُ جانیئ باجھ گورو غبارُ .. ٣ اســتھرُ کرتا دیکھیئ ہورُ کیتی آوے جائ .. آپے نــرملُ ایکو توں ہور بندھــی دھندھے پائِ .. گرراکھے سے ابرے ساچے سیؤ لو لائِ .. ٤ ہر جیؤ سبدِ پچھانیئے ساچ رتے گر واکِ .. تتُ تنِ میلُ ن لگئی سچ گھرِ جسُ اوتاکُ .. ندرِ کرے سچُ پائیئے بنُ ناوے کیا ساکُ .. ٥ جنی سچُ پچھانیا سے سکھیئے جگ چارِ .. ہؤمے ترسنا مارکے سچُ رکھیا ار دھارِ .. جگ مہہ لاہا ایکو نامُ پائیئے گر ویچارِ .. ٦ ســاچؤ وکھرُ لادیئے لابھُ سدا سچُ راسِ .. ساچی درگہ بیســــئی بھگتِ ســچی ارداسِ .. پتِ ســیؤ لیکھا نبڑے رام نامُ پــرگاسِ .. ٧ اوچا اوچؤ آکھیئے کہؤ ن دیکھیا جائ .. جہ دیکھا تہ ایکو توں ستگورِ دیا دکھائ .. جوتِ نرنتر جانیئ نانک سہج سبھائِ .. ٨ ٣ (سگگس-٥٥)

مارو سولہے محلہ ١ ستگور پرسادِ ..

ساچا سچُ سوئی اورُ ن کوئی .. جن سرجی تن ہی فنِ گوئی .. جیو بھاوے تیؤ راکھہُ رہنا تم ســیؤ کیا مکرائی ہے .. ١ آپِ اپائے آپِ کھپائے .. آپے سرِ سرِ

تسی وارانسـی آئے ہو۔ ساڈے جہے جیاں تے دیا کیتی ہے۔

نوٹ - اس شبد دے نال ہی پھر گورو انگد پاتشـاہ نے ہور دو سـطراں لا کے گل صـاف ظاہر کر دتی ہے:-
سـلوک م ٢ کتھا کہانی بید ^Øی آنی پاپُ پنُ بیچار ک .. دے دے لینا لے دینا نرکِ ســرگِ اوتار .. اتم مدھم جاتیں جنسی بھرمِ بھوے سنسارُ .. امرت بانی تتُ وکھانی گیان دھیان وچ آئی .. گــرمکھِ آکھــی گرمکھِ جاتی ســرت ^Øی کرمِ دھیائی .. حکمُ ســاجِ حکمے وچ رکھے حکمے اندرِ ویکھے .. نانک اگہُ ہــؤمے تٹے تاں کو لکھیئے لیکھے ..

بنارس وچّ بابے دی دھنّ دھنّ ہو گئی سی۔ ہر کوئی پچھ رہا سـی کہ لاہور توں جو بابا آیا ہے اوہدی جات کی ہے؟ اوہ تاں بہت ہی گھٹّ کھانا کھاندا ہے۔ اوہ جات پات دی وی پرواہ نہی کردا۔

---♦---

بنارس وچّ بابا

## "نرنکار! نرنکار!! بابا تیرا بھگوان تاں پھر کجھ وی ناں ہویا؟"

اک ویلے پھر کجھ براہمن بڑے ســتکار پوربک گورو صاحب نوں کہن لگے کہ بابا جی تســی مورتی پوجا توں منا کردے ہو، وید منتــر دا کھنڈن کــردے ہو، ہــر پرچلت سدھانت نوں تســی نکار رہے ہو۔ تسـی تاں انسان نوں اک طرحاں ہنیرے وچّ سٹّ رہے ہو۔اکھے اوہ ربّ جو ہر تھاں ہے، جسدا جنم نہی ہندا، جو مردا نہی، جو ســیبھں ہے، جو نرنکار ہے۔ اکھے بابا جی پھر تاں بھگوان کجھ وی ناں ہویا۔ تسـی صرف نراکار دی پوجا کــروا رہے ہو اس طــرحاں بندے نوں کــی سہارا ملیگا؟

اوتھے پھر گورو صـاحب نے بڑے پریم پوربک طریقے نال سنگت نوں سمجھایا کہ میرا نرنکار نرا نرگن نہی اوہ ســرگن ہے۔ (ہور ویاکھیا لئی ویکھو شــنگیری ساکھی صفحہ ٢١٥)

صـاحب نے پھر سـمجھایا کہ سـاڈا مالک ہر جی دے نال ہے۔ ســوال کرن والے پنڈت نوں کیہا کہ توں وی شاکھســـات اوسے دا روپ ہیں جے تیری ہؤمے مٹّ جائے تاں۔ ایہہ ســـارا کھیل اس ایکے دا ہی ہے۔ ایہہ جگت اک کھیڈ تماشــہ ہے جس وچّ نرنکار ہرنے وکھ روپ دھارے ہوئے ہن۔ بس اپنــــی ہؤمے ہٹا کے ویکھو تسی اوہدا ہی روپ ہو۔

اوتھے پھر گورو صاحب نے ویراگ وچّ آ کے سبد اچاریا آپے بہو بدھ رنگلا سکھیئے میرا لال۔

سریراگُ محلہ ١ گھرُ دوجا ٢ آپے رسیا آپ رسُ آپے راونہارُ .. آپے ہووے چولڑا آپے ســیج بھتارُ .. ١ رنگِ رتا میرا صاحبُ روِ رہیا بھرپورِ .. ١ رہاؤ .. آپے ماچھی مچھلی آپے پانی جالُ .. آپے جال منکڑا آپے اندرِ لالُ .. ٢ آپے بہو بدھ رنگلا سـکھیئے میرا لالُ .. نت روے سوہاگنی دیکھُ ہمارا حالُ .. ٣ پرنوے نانکُ بینتی تو

کبیر صاحب دے جنم سنّ تے کوئی دبدھا نہی ہے بھاوَ ۱۳۹۸ ای.. جے جنم پچھو دا دکھاؤدے ہن تاں بھگت رامانند نال میل نہی ہو سکدا کیونکہ رامانند ۱۴۱۰ ای. نوں سما جاندے ہن. ساڈا کہن توں مطلب کبیر صاحب دا بابے نال میل نہی سی ہویا. پر گورو صاحب اوناں دے کانشی وچلے ستھان گئے تے جا کے کبیر صاحب دی بانی دا اتارا پراپت کیتا.

ایسے طرحاں گورو صاحب نے بھگت رویداس صاحب دی بانی دا اتارا وی پراپت کیتا.

ایہہ گل ثابت ہو چکی ہے کہ بھگت بانی (رویداس، نامدیو، کبیر، ترلوچن، سین تے جیدیو دی) گورو نانک پاتشاہ کھدّ ہی اکتر کر کے لے آئے سن کیونکہ آدی پوتھیاں وچّ درج ہے جس دا اتارا گورو امرداس پاتشاہ نے کروایا سی. اوہ پوتھی جو بھائی موہن نے پنچم پاتشاہ نوں سوپی سی.Ô

---♦---

بنارس وچّ بابا

## بابا توں سپاں دی رڈّ وچّ کوے ہتھ پا دندے؟ تینوں ڈر نہی لگدا؟ و

جویں دسیا ہے کہ گورو صاحب دی مشہوری تاں چار چپھیرے پہلاں ہی ہو چکی سی تے کاشی آ اناں پھر پانڈیاں دے ناساں وچّ دم کر دتا سی. ایہہ خبراں بھگتاں تے جوگیاں تکّ وی پہنچ چکیاں سن. کھدّ ربّ دے پیارے وی دیکھ رہے سن کہ پانڈے مایہ موہ وچّ آ کے لوکاں دا شوشن کردے ہن. پر سنیاسی وچاردھارا کہندی ہے کہ تسی پنگا ناں لؤ، جو کردا ہے بھگتیگا وی اوہی. پر گورو صاحب دی جئرت سی کہ برے دے منہ تے جا کے انوں برا کہندے سن پر صاحب وچّ گل کہن دا سلیقہ سی. اناں دے منّ وچّ نفرت نہی سی ہندی. اپ پاپی نال وی پیار تے ہمدردی نال پیش آؤدے سن. نمرتا دا اوہ ساگر سن.

پر کانشی وچّ جدوں اوہ بھگت رامانند دے اترادھکاری سوامی پرمانند نوں ملے تاں پرمانند نے پہلا سوال ہی ایہہ کر دتا کہ نانک تیرے 'چ ایسی کی شکتی ہے کہ توں تاں سدھا سپّ دی رڈّ وچّ ہتھ پا دندے، ایہہ پانڈے تاں کدی بڑی بدتمیزی نال پیش آؤدے نے؟

اوتھے گورو صاحب نے اپنی نڈرتا دا راج دسدے ہوئے کیہا سی کہ ہر ویلے میرے ہردے وچّ نرنکار دا ڈر سمایا رہندا ہے. اوہدے گیان نے میرے ڈر میرے بھرم بھلیکھے دور کر دتے ہن.

گؤڑی محلہ ۱ ڈرِ گھرُ گھرِ ڈرُ ڈرِ ڈرُ جائِ .. سو ڈرُ کیہا جتُ ڈرِ ڈرُ پائِ .. تدھُ بنُ دوجی ناہی جائِ .. جو کچھ ورتے سبھ تیری رجائِ .. ۱ ڈریئِ جے ڈرُ ہووے ہورُ .. ڈرِ ڈرِ ڈرنا من کا سورُ .. ۱ رہاؤ .. نہ جیؤ مرے ن ڈوبے ترے .. جنِ کچھ کیا سو کچھ کرے .. حکمے آوے حکمے جائ

Ô سرجیت سنگھ گاندھی و گیانی گیان سنگھ مطابق

دھندھے لائے .. آپے ویچاری گن کاری آپے مارگِ لائی ہے .. ۲ آپے دانا آپے بینا .. آپے آپُ اپائِ پتینا .. آپے پؤنُ پانی بیسنترُ آپے میلِ ملائی ہے .. ۳ آپے سسِ سورا پورو پورا .. آپے گیانِ دھیانِ گرُ سورا .. کالُ جالُ جمُ جوہِ ن ساکے ساچے سیؤ لو لائی ہے .. ٤ آپے پرکھ آپے ہی ناری .. آپے پاسہ آپے ساری .. آپے پڑ بادھی جگُ کھیلے آپے قیمتِ پائی ہے .. ۵ آپے بھورُ پھلُ پھلُ ترورُ .. آپے جلُ تھلُ ساگرُ سرورُ .. آپے مچھ کچھ کرنیکرُ تیرا روپُ ن لکھنا جائی ہے .. ٦ آپے دنسُ آپے ہی رینی .. آپ پتیجے گر کی بینی .. آدی جگادِ اناہدِ اندنُ گھٹِ گھٹِ سبدُ رجائی ہے .. ۷ آپے رتنُ انوپُ املو .. آپے پرکھے پورا تولو .. آپے کس ہی کس بخسے آپے دے لے بھائی ہے .. ۸ آپے دھنکھُ آپے سربانا .. آپے سگھڑُ سروپُ سیانا .. کہتا بکتا سنتا سوئی آپے بنت بنائی ہے .. ۹ پؤنُ گورو پانی پت جاتا .. ادر سنجوگی دھرتی ماتا .. رینِ دنسُ دئِ دائی دایا جگُ کھیلے کھیلائی ہے .. ۱۰ آپے مچھلی آپے جالا .. آپے گو آپے رکھوالا .. سرب جیا جگِ جوتِ تماری جیسی پربھ فرمائی ہے .. ۱۱ آپے جوگی آپے بھوگی .. آپے رسیا پرم سنجوگی .. آپے ویبانی نرنکاری نربھؤ تاڑی لائی ہے .. ۱۲ کھانی بانی تجھہِ سمانی .. جو دیسے سبھ آون جانی .. سیئی ساہ سچے واپاری ستگورِ بوجھ بجھائی ہے .. ۱۳ سبدُ بجھائے ستگورُ پورا .. سرب کلا ساچے بھرپورا .. اپھریو ویپرواہُ سدا تو نہ تسُ تلُ ن تمائی ہے .. ۱٤ کالُ بکالُ بھئے دیوانے .. سبدُ سہج رسُ انترِ مانے .. آپے مکتِ ترپتِ ورداتا بھگتِ بھائِ منِ بھائی ہے .. ۱۵ آپِ نرالمُ گر غم گیانا .. جو دیسے تجھ ماہِ سمانا .. نانکُ نیچُ بھکھیا درِ جاچے مے دیجے نامُ وڈائی ہے .. ۱ ۱٦ (سگگس-۱۰۲۱)

---♦---

بنارس وچّ بابا

## بھگت کبیر تے بھگت رویداس دی بانی اکتر کیتی

جدوں تکّ گورو صاحب بنارس گئے بھگت کبیر دی مشہوری دور دور تکّ ہو چکی سی. گورو صاحب تے بھگت کبیر دی وچاردھارا وچّ وی بہت حد تکّ سمانتا ملدی ہے. (وچاردھارا جو معمولی فرق ہے اوہ ہے بھگت جی سنیاس پکھی سن جدوں کہ گورو صاحب نے گرست تے زور دتا ہے، لگدے بھگت جی بندے دی خوراک بارے وی کتے اشارے دندے ہن، جدوں کہ گورو صاحب دے کھانے آدی وچّ وہم نہی سی کردے) گورو صاحب پچّ کے ربّ دے پیاریاں نوں ملن جاندے سن. کئی لکھاریاں نے گورو صاحب دا بھگت کبیر صاحب نال میل ہونا وی لکھیا ہے جو کہ اجوکیاں کھوجاں نے ثابت کر دتا ہے کہ غلط ہے. کبیر صاحب دا جوتی جوت سماؤنا ۱٤٤۸ ای وچّ ہی ہو جاندا ہے کیونکہ بھارتی پراتتوَ سروے مطابق ۱٤۵۰ ای. وچّ کبیر صاحب دا شردھالو نواب بجلی خاں اناں دی سنکیتک قبر مگھر وچّ بناؤدا ہے. انج وی

ہے اک پاسے گرست تیاگدا ہے تے جدوں بھکھ لگدی ہے تاں ٹھوٹھا گرستی اگے ڈاہ دندا ہے؟

لگدی اودوں ہی مارو وچّ گورو صاحب نے شبد بولیا۔ مردانے دی رباب نے سارا شہر جھومن لا دتا۔

مارو محلہ ١ منمکھ لہرِ گھرُ تجِ وگوچے اورا کے گھر
ہیرے .. گرہ دھرمُ گوائے ستگورُ ن بھیٹے درمتِ
گھومن گھیرے .. دسنترُ بھوے پاٹھ پڑِ تھاکا ترسنا
ہوئِ ودھیرے .. کاچی پنڈی سبدُ ن چینے ادرُ بھرے
جیسے ڈھورے .. ١ بابا ایسی روت روے سنیاسی ..
گر کے سبدِ ایک لو لاگی تیرے نامِ رتے ترپتاسی .. ١
رہاؤ .. گھولی گیرو رنگُ چڑایا وستر بھیکھ بھیکھاری
.. کاپڑ پھارِ بنائی کھنتھا جھولی مایادھاری .. گھرِ
گھرِ ماگے جگُ پربودھے منِ اندھے پتِ ہاری .. بھرمِ
بھلانا سبدُ ن چینے جوئے باجی ہاری .. ٢ انترِ اگنِ ن
گر بنُ بوجھے باہرِ پوئر تاپے .. گر سیوا بنُ بھگتِ ن
ہووی کیؤ کرِ چینس آپے .. نندا کرِ کرِ نرک نواسی انترِ
آتم جاپے .. اٹھسٹھ تیرتھ بھرمِ وگوچِہ کیؤ ملُ
دھوپے پاپے .. ٣ چھانی خاکُ ببھوت چڑائی مایہ
کا مگُ جوہے .. انتر باہرِ ایکو ن جانے سچُ کہے تے
چھوہے .. پاٹھ پڑے مکھ جھوٹھو بولے نگرے کی متِ
اوہے .. نامُ ن جپئی کیؤ سکھ پاوے بنُ ناوے کیؤ
سوہے .. ٤ مونڈ مڈائ جٹا سکھ بادھی مونِ رہے
ابھیمانا .. منوآ ڈولے دہ دس دھاوے بنُ رت آتم گیانا
.. امرتُ چھوڈِ مہا بکھ پیوے مایہ کا دیوانا .. کرتُ ن
مٹئی حکمُ ن بوجھے پسوآ ماہِ سمانا .. ٥ ہاتھ
کمنڈلُ کاپڑیا منِ ترسنا اپجی بھاری .. استری تجِ کرِ
کامِ ویاپیا چتُ لایا پر ناری .. سکھ کرے کرِ سبدُ ن
چینے لمپٹُ ہے بازاری .. انتر بکھ باہرِ نبھراتی تا جمُ
کرے خواری .. ٦ سو سنیاسی جو ستگور سیوے
وچہو آپُ گوائے .. چھادن بھوجن کی آس ن کرئی
اچنتُ ملے سو پائے .. بکے ن بولے کھما دھنُ سنگرہے
تامسُ نامِ جلائے .. دھنُ گرہی سنیاسی جوگی جِ ہرِ
چرنی چتُ لائے .. ٧ آس نراس رہے سنیاسی ایکسُ
سیؤ لو لائے .. ہر رسُ پیوے تا ساتِ آوے نج گھرِ تاڑی
لائے .. منوآ ن ڈولے گرمکھِ بوجھے دھاوت ورجِ رہائے
.. گرہُ سریرُ گرمتی خوجے نامُ پدارتھُ پائے .. ٨ برہما
بسنُ مہیسُ سریسٹ نامِ رتے ویچاری .. کھانی بانی
گگن پتالی جنتا جوتِ تماری .. سبھ سکھ مکتِ نام
دھنِ بانی سچُ نامُ ار دھاری .. نام بنا نہی چھوٹس
نانک ساچی ترُ تو تاری .. ٩ ٧

---♦---

.. آگے پاچھے حکمِ سمائ .. ٢ ہنسُ ہیتُ آسا اسمانُ
.. تسُ وچِ بھوکھ بہتُ نے سانُ .. بھؤ کھانا پینا آدھارُ
.. ونُ کھادھے مرِ ہوہِ گوار .. ٣ جس کا کوئِ کوئی
کوئِ کوئِ .. سبھ کو تیرا توں سبھنا کا سوئِ .. جا کے
جی جنت دھنُ مالُ .. نانک آکھنُ بکھمُ بیچار ک ..٤

---♦---

بنارس وچّ بابا

## راجا بولیا "بابا مینوں وی اپنے نال لے چل"

جنم ساکھی وچّ آؤدا ہے کہ گورو نانک بنارس دے نیڑے ہی کسے ہور شہر وچّ جا پہنچے تے چپّ چاپ جا کے اک ٹکانے تے بہہ گئے۔ لگدا ہے کہ بنارس وچّ اوناں دا بہتا سماں پرچار وچّ نکلیا تے نرنکار دے سمرن لئی عامَ نالوں گھٹّ وقت ملیا سی۔

مردانے کولوں لوکاں نوں پتہ تاں لگّ گیا کہ ایہو بابا نانک نے لاہور والے۔ ہر کسے دی اچھا ہو رہی سی گورو بابے دے بچن سنن دی۔ پر گورو صاحب اپنی دھنّ وچّ مست براجے ہی رہے۔

گورو صاحب دا آؤنا سن کے علاقے دا راجا ہرناتھ آپ ننگے پیری درشناں لئی آیا۔ گورو صاحب کول ارجوئی کیتی کہ صاحب بہت لوکاں نوں تہاڈے بچن سنن دی تانگھ ہے۔ کیہا جاندا اودوں پھر گورو صاحب نے ایہہ شبد اچاریا:-

دھناسری محلہ ١ جیؤ تپتُ ہے بارو بار .. تپِ تپِ
کھپے بہتُ بے کار .. جے تنِ بانی وسرِ جائ .. جیو پکا
روگی وللائِ .. ١ بہتا بولنُ جھکھنُ ہوئِ .. ونُ بولے
جانے سبھ سوئِ .. ١ رہاؤ .. جنِ کن کیتے اکھی ناکُ ..
جنِ جھوا دتی بولے تاتُ .. جنِ منُ راکھیا اگنی پائِ ..
واجے پونُ آکھے سبھ جائ .. ٢ جیتا موہُ پریتِ
سواد .. سبھا کالکھ داگا داغ .. داغ دوس موہِ چلیا
لائِ .. درگہ بیسن ناہی جائ .. ٣ کرمِ ملے آکھنُ تیرا
ناؤ .. جتُ لگِ ترنا ہورُ نہی تھاؤ .. جے کو ڈوبے پھرِ
ہووے سار .. نانک ساچا سرب داتار .. ٤ ٣ ٥

راجے نوں دسیا کہ میری حالت تاں روگی ورگی ہوئی پئی سی۔ میں اپنے مالک دا شکرانے وچّ دیری کردا رہا۔ نرنکار دی کرپا ہندی ہے جدوں اوہدا ناؤ آکھن دا موقع ملدا ہے۔

راجے نال بہت گلاں باتاں ہوئیاں۔ لگدے اک دو دن رکے وی ہونگے۔ آخر اک دن راجا کھہڑے پے گیا کہ بابا مینوں وی اپنے چرناں وچّ تھاں دے دے۔ میں وی راج بھاگ تیاگ کے تیرے نال جانا چاہندا ہاں۔

گورو صاحب نے کیہا "نہی راجا، نہی۔"

"گرست دھرم ہی سبھ توں اتم دھرم ہے۔ ضرورت ہے انسان مالک دا حکم پچھانے تے بھانے والا جیون اختیار کرے۔ (ویکھو صفحہ ١٢٤ اتے ٣٣٤) من وچّ دئیا، ست، سنتوکھ ہووے۔ راجا تینوں خوشی پراپتی لئی گھر تیاگن دی ضرورت نہی۔ تینوں مایہ وچّ ہی اداس ہونا پویگا۔ پھر ویکھی کھیڑا ہی کھیڑا ہے۔ پھر چڑدی کلھا دا جیون ہے۔ سادھو دا وی کوئی جیون

ਪੈੜ ਸੂਹ

کرپال سنگھ انوسار راجا ہرناتھ چمولی دا راجا سی۔
راجے ہرناتھ دے ناں تے بنارس دے ٣٠ کلومیٹر اتر-پچھم وچّ اک چھوٹا جیہا پرانا قصبہ ہرناتھپر ہے۔ اس لکھاری نے فون راہی کجھ پڑے لکھے لوکاں نال اوتھے گل کیتی اناں دا منا ہے کہ ایہہ اک پرانا قصبہ ہے جتھوں خدائی دوران پرانیاں وستاں نکلدیاں رہندیاں نے۔ دھنّ گورو نانک تے دھنّ جنم ساکھیاں دے لکھاری جناں ایہہ پردیسی نام یاد رکھ کے لکھے۔

ٹھگّ نے انج گورو صاحب نوں چنگا چوکھا بھوجن کروایا۔ سبھ سو گئے۔ گھٹ گھٹّ دی جانݨہار گورو صاحب اوہناں دی ساری سکیم سمجھ گئے۔ گورو صاحب نے رات کٹی تے منھیرے مردانے نوں جگا کے چلدے بنے۔ کرنی ربّ دی کہ کسے ٹھگّ دی نیند ہی ناں کھلی۔

جویں دن چڑھیا تاں ٹھگاں دے بچیاں نے اپنے وڈیاں نوں جگایا۔ ٹھگّ اکٹھے ہو کے اس گھر پہنچے جتھے بابا نانک رانتی آیا سی تے ٹھگی وچوں اپنا حصہ منگیا۔ میزبان ٹھگّ نے دسیا کہ میں تاں ساری رات اج ستا ہی رہِ گیا، نیند ہی نہی کھلی تے اپنا شکار تاں چپّ چپیتے بناں دسے اتھوں کھسک گیا ہے۔ پر بستی کتھے بھروسہ کرے، ٹھگّ تے۔ آخر اس نے اپنے اشٹ تے اپنے بال بچیا دی سونہ کھادھی تے پھر بستی نوں یقین آیا۔

اناں تہہ کیتا کہ شکار (گورو صاحب) دا پچھا گھوڑ سواراں رانہی کیتا جاوے۔ چار بندے گھوڑیاں تے گورو صاحب دا کھرا نپدے ہوئے آ گئے۔

اگے گورو صاحب تے مردانے نے جنگل وچ کھیر بناؤن لئی دودھ تے چاولاں دا انتظام کیتا ہویا سی اتے اگّ بالن وچ مردانہ لگا ہویا سی۔ جویں ٹھگاں نے آ گھیریا تاں دھونس دھمکیاں دین۔ اوہناں صاف ہی کہہ دتا کہ، "اسیں تاں ٹھگّ ہاں۔تسی ساڈے نال چلاکی کرکے دوڑ آئے ہو پر ہن تہانوں کوئی نہی چھڈا سکدا ساڈے توں۔ ہن تہاڈا انتم سماں آ گیا ہے۔ دونوں یاد کر لوو جس نوں کرناں وا۔ بہتر ہے جیندے جی جو وی تہاڈے کول ہے ساڈے حوالے کرو۔ شاید اسیں تہانوں بخش دئیے۔"

گورو صاحب ایہہ سن کے مسکرا پئے۔ کہن لگے کہ "ٹھیک ہے جو تساں کرناں ہے کر لینا پر جو ہنے تسی وعدہ دتا ہے اوہ پورا کر لؤ۔ ٹھگّ کہن لگے کہ کہڑا وعدہ؟ گورو صاحب نے کیہا کہ جہڑا تسی ساڈی آخری اچھا پچھی ہے۔ سو اسیں کھیر بناؤنا چاہندے ہاں اوہ بن لین دیو۔ تسی وی کھائیو تے اسیں وی کھاوانگے۔ اس توں بعد تسی اپنا کم کر لینا اتے ساڈیاں دیہاں دا اتھے جنگل وچ ہی سسکار کر دینا۔ سو پہلاں ایہہ کم کرو کہ تہاڈے کول گھوڑے نے اک جنا جا کے لاگے دی بستی توں اگّ لے آؤ۔"

ٹھگاں نے آپس وچ صلاحَ کیتی تے تہہ کیتا کہ ایہہ شکار کتھے بھجّ جانگے، اگّ لے ہی آؤدے ہاں۔

دور اک تھاں دھوں وی نظر آ جاندا ہے۔

دو ٹھگّ اگّ لین جاندے نے۔ اوتھے اوہ کجھ اجیہا چمتکار ویکھدے نے کہ آ دوسرے ٹھگاں نوں وی دسدے نے کہ ایہہ بندے پورن سنت ہن۔ دوسرے ٹھگّ پہلاں ہی ویکھ کے حیران سن کہ ایہناں بندیاں نوں موت توں ذرا ڈر نہی لگّ رہا۔

اخیر چارے ٹھگّ گورو صاحب دے اگے متھا ٹیک دندے نے۔



بی:٤٠ تصویر۔ ٹھگّ گورو صاحب اگے ہتھ بنی بیٹھے ہن۔

بنارس لاگے

## بابا پھر آیا ٹھگاں دے قابو

بنارس توں چل کے بابا ایدھیا تیرتھ ول چل رہا سی۔ رستے 'چ اک تھاں جدوں شاماں پین والیاں سن تاں دانا جیہا دکھن والا اک بندہ ٹکر گیا۔ اس نے گورو صاحب نوں بہت گہہ نال ویکھیا۔کیونکہ گورو صاحب دی پوشاک جاں پہراوا رلیا ملیا ہندا سی۔ بھاوَ پتہ نہی سی لگدا ایہہ کوئی سنیاسی ہے کہ مسلمان فقیر۔ پھر صاحب دا گورا رنگ، بھکھدا چہرہ۔ بندے نوں شکّ ہو گیا کہ ایہہ بندہ کوئی دھناڈھ ہے تے سفر کرکے ایویں سادھوآں والا بھیس بنایا ہویا ہے۔

لگا گورو صاحب نوں گلی باتی لاؤن، نالے ہمدردی پیا جتاوے کہ اجے تاں تہاڈی منزل دور ہے۔ تھکے ہوئے لگدے ہو۔ نیڑے ہی ساڈا گھر ہے، آؤ اج ساڈے غریب خانے رات گزارو۔ گورو صاحب نے ہاں کر دتی۔ اوہ بندہ گورو صاحب تے مردانے نوں اپنے گھر لے گیا۔ آؤ بھگت کیتی۔

جتھے اوہ لے کے گیا، در اصل اوہ ساری بستی ہی ٹھگاں ڈاکواں دی سی۔ (یاد رہے پرانے سمیاں 'چ یو پی دے علاقے وچّ ٹھگی اک پیشہ سی۔) ایہہ لوک بندے نوں پہلاں ٹھگّ کے اپنے قبجے 'چ لے تے پھر لٹّ تے عموماً ثبوت مٹاؤن واسطے کدی مار ہی دیا کردے سن۔ ایہہ گورکھ-دھندا لوک رل کے کردے سن۔

سو جدوں بابا نانک تے مردانہ ٹھگّ دے گھر پہنچے تاں ساری بستی وچّ خبر ہو گئی کہ اک مالدار شکار اج پھسیا ہے۔ جو اناں دا ورتارا ہندا سی کہ رات نوں بندے دی تلاشی لئی جاندی سی تے پھر لٹّ اپرنت مار دتا جاندا سی۔

۸۳,۰۵۹۷۰۳)
یو پی، بنگال تے ہور بھارت دے کیندری صوبیاں وچّ اک خاص جات ہندی ہے اناں دا پتا پرکھی پیشہ ہندا ہے بابوگری (کلرکی). اناں نوں کائستھ کیہا جاندا ہے. اج وی ایہہ جات سرکاری دفتراں وچّ چھائی ہوئی ہے. (گوتر- سریواستو، ماتھر، سکسینا، نگم، استھانا، کلشریشٹھ، گوڑ، بھٹناگر آدی) اودھر بابا جی دے پتا دا وی ایہو کم (کاردار بھاوَ منیجر) سی. جس کرکے گورو صاحب دا اناں نال میل جول چھیتی ہو جاندا سی تے اناں نے وی گورو صاحب نوں تھاں تھاں ٹھہرایا. وقت پا کے یو پی دے پنجابی کھتری تے کائستھ ہولی ہولی سکھی توں دور ہو گئے. در اصل جدوں کسے پروار وچّ باہرو وہوٹی آؤدی ہے تاں اوہ اپنا مذہب نال لے کے آؤدی ہے. سکھی دی چڑھت ویلے سکھی نوں پھیلایا وی بہتا اناں بیبیاں نے تے بعد وچّ کجھ جاتاں وچّ مکایا وی بیبیاں نے. پنجاب توں دور ہٹوے علاقیاں وچّ جتھے کتے تھوڑی بہت سنکھیاں غیر پنجابی سکھاں دی سی اوناں نوں سکھی نالو توڑن وچّ ۱۹۸۴ سنّ نے وڈا رول نبھایا. کیندری کانگرس سرکار نے اودوں سکھ نوں اتوادی روپ وچّ پیش کیتا سی.

خیر نجاماباد، ضلع آزمگڑھ دا چھوٹا جیہا قصبہ ہے، گورو صاحب دے ویلے ایہہ جوبن تے سی. اتھو دے راجے دا کاردار وی کوئی کائستھ ہی سی تے اوہ وی گورو صاحب دا شردھالو بن چکا سی. بہانا ربّ دا کہ کاردار دا کوئی رستیدار جاں لڑکا جس دا ناں رام نواس سی اچانک کسے درگھٹنا کرکے چلانا کر گیا. شہر وچّ دہائی مچّ گئی. رام نواس دا ویاہ ہوئے نوں اجے کجھ ہی سماں ہویا سی. تمسا ندی کنڈھے سادھو سنتا دا وڈا آشرم سی. پرانے سمیاں وچّ سادھو سنت اکثر جڑی بوٹی دا کم وی کریا کردے سن. اکٹھے ہوئے لوک رام نواس سریواستو دی لاش نوں ندی کڈھے سادھوآں ول لے آئے. ہر کوئی رام نواس دی موت تے دکھی سی. اصول مطابق اوہدی نوَ ویائی لاڑی نوں وی ہن لاش دے نال ہی ستی

اناں ٹھگاں نے پھر ضدّ کیتی تے گورو صاحب نوں اپنی بستی وچّ دوبارہ جان لئی بینتیاں کیتیاں. اوناں وچوں اک اجے وی اڑے. باقیاں سمجھایا کہ ویکھ اک بندے دی نیند نہی کھل سکدی، دو دی نہی، تنّ دی نہی، پر ساڈا تاں سارا پنڈ ستا رہِ گیا. ایہہ کوئی چمتکاری سادھو ہے.

بستی پہنچ کے پھر گورو صاحب نے مکھیئے نوں کجھ اجیہا بولیا کہ انوں جیون موت دی سوجھی ہو گئی. موت دے درشن کرکے اوہ وی گورو صاحب دی چرنی آ لگا.

گورو صاحب نے اوناں سبھ نوں نرنکار دی بھگتی 'ستنام ستکار' دے لڑ لا نام، دان، اسنان تے کرت دا پاٹھ پڑایا تے وعدہ لیا کہ اگے توں اوہ حق حلال دی کمائی کرنگے. کیہا جاندا ہے کہ بعد وچّ اس بستی نے کھیتی باڑی دا دھندھا اپنایا. اس موقعے تے گورو صاحب تے مردانے نے ایہہ شبد گاویا:-

سریراگُ محلہ ۱ لبُ کتا کوڑُ چوہڑا ٹھگِ کھادھا مردارُ .. پر نندا پر ملُ مکھ سدھی اگنِ کرودھ چنڈالُ .. رس کس آپُ سلاہنا اے کرم میرے کرتار .. ۱ بابا بولیئے پتِ ہوئِ .. اوتم سے دِرِ اوتم کہیئہِ نیچ کرم بہہ روئِ .. ۱ رہاؤ .. رسُ سوئنا رسُ رپا کامنِ رسُ پرمل کی واسُ .. رسُ گھوڑے رسُ سیجا مندر رسُ میٹھا رسُ ماسُ .. ایتے رس سریر کے کے گھٹِ نام نواسُ .. ۲ جتُ بولیئے پتِ پائیئے سو بولیا پروانُ .. پھکا بولِ وگچنا سنِ مورکھ من اجان .. جو تسُ بھاوہِ سے بھلے ہورِ کہ کہن وکھان .. ۳ تن متِ تن پتِ تن دھنُ پلے جن ہردے رہیا سمائِ .. تن کا کیا سالاہنا اور سوآلیو کائِ .. نانک ندری باہرے راچہہ دانِ ن نائِ .. ۴ ٤

---♦---

## نزاماباد وکھے بابے نے مر مکے کاردار نوں جیون بخشیا

اجدھیا جاندے ہوئے بنارس توں ۸۵ کہ. می. اتر گورو صاحب نجاماباد آئے. ( نقشہ-۲٦,۰۵۲۵٦٤,

ਪੈਰ ਨੋਟ

کردار دا ناں بھومیا ہے. بھومیہار ناں بہار وچّ پایا جاندا ہے. سو ایہو اندازہ ہے کہ ایہہ گھٹنا وی بنارس دے نیڑے تیڑے اج دے یو پی علاقے دی ہی ہے.

Œ سائیکل یاتری- ۱۱۰ توں شکّ پیدا ہندا ہے کہ بنارس توں ٤٥ کہ. می. دکھن وچّ قصبہ سئیباد راجا وکھے وی گورو صاحب تے نووے گورو صاحب نے چرن پائے سن. پر تصدیق نہی ہو پایا. ایہو اوستھا مرجاپر شہر دی ہے جتھے اک سکھ سکول دے پرسیپل کولوں پچھن تے پتہ چلیا کہ اتھے کوئی یادگاری استھان گرودوارہ نہی ہے اتے ناں ہی گورو صاحب دے اتھے آؤن دی مقامی روایت ہے. پر ایہہ جانکاریاں ضروری نہی کہ صحیح ہون. ہر بشندا مقامی اتہاس دا جانکار نہی ہندا. مثال دے طورتے اسیں جدوں مراد آباد بارے پچھ پڑتال کر رہے ساں تاں پتہ لگا کہ شہر گورو صاحب توں بہت بعد وچ آباد ہویا. پر دوسرے پاسے بھروسے یوگ سروت دسّ رہے سن کہ اتھے صاحب آئے سن. پھر پتہ لگا کہ مراد آباد دے لاگے ہی اک پراتن پنڈ رتنپر ہے اتھے باقائدہ نانکواڑی اداسین آشرم ہے. سو جے کسے سروت نے کسے تھاں گورو صاحب دا آؤنا لکھیا ہے تاں اس داعوے نوں سچ ہی منیا جاوے جد تک غلط ثابت نہی ہندا.

Ô پراتن-۷۱, بی:۴۰- ۱٤۲, بالا-۱۳۸,

ی دھونء نکلدا ویکھ جدوں دو ٹھگّ اگّ لین جاندے ہن تاں اگے تاں اک چتا بل رہی ہندی ہے. اتھے اناں نال چمتکار واپردا ہے. جنمساکھیاں وچ کجھ اس پرکار دتا ہے:

"اوہ ٹھگِ جو گئے سو کیا دیکھنِ جو راہُ وچ اکُ مانکھ نوں طبق پیڑی بیڑیا ہتھی ہتھوڑیا گل وچ سنگل پائے. پچھے کٹھار دی مار ماردے گھسیٹڈے لئی جادے آہے.. سو قہار دو تہائ پالکی اٹھائی پوس پوس کردے جادے اسنِ.. ایہہ ٹھگِ رہِ ن سکے.. انا پچھیا.. بھائی جی اے گلِ کیوکرِ ہے عصا نو اس دی وڈی حیرانگی لگی ہے.. جادی واری عصا ہور ترہ ڈٹھا آہا اتے ہنِ ہورُ ترہ نجرِ آیا.. عنہ آکھیا بھائی ایہہ منکھُ بڈا ہتیارا پاپی پھاہے گلُ آہا.. اس نوں کومبھی نرک دا حکمُ آہا.. پر اس دے مسان دا دھوآ جو کسے سادھ دی نظری آیا ہے.. سو اس واسطے بیکنٹھپری چلایا ہے.. اوہ ٹھگّ کدرتُ دیکھِ بہت حیران ہوئے.."

بھاوَ اک پاپی ہتیارے دی موت اپرنت اس دی مڑھی دے دھونء ول جدوں گورو نانک دی نظر پئی تاں اینے وچ ہی اوہ تر گیا.

Ô بنارس دا علاقہ ٹھگی لئی منیا ہویا سی کیونکہ اتھے ٹھگی دا چلن کجھ زیادہ ہی سی تے دوسرا اس توں بعد جو ساکھی آؤدی ہے اس وچّ

لا دتی۔

گورو صاحب جدوں اتھے پدھارے تاں اناں نے اک اجڑے باغ وچ وی اپنا ٹکانا کیتا سی۔ علاقے وچّ دھنّ بابا نانک ہون لگی جدوں ویکھیا کہ سالاں دا اجڑیا باغ پھر ہرا بھرا ہو چکا سی۔

اتھے گورو صاحب ٢١ دن رکے سن۔ اتھے گورو صاحب دیاں اوہ کھڑاواں براجمان ہن جو اناں نے لنکا دے راجا شو نابھ نوں بخشیاں سن۔ پر وقت پا کے اناں دی قدر گھٹ گئی جس کرکے کسے پرچارک اداسی سنت نے اوہ کھڑاواں اتھے لیا ستھاپت کر دتیاں۔

نووے پاتشاہ وی اس استھان تے آئے سن تے اپنیاں کھڑاواں دا اک جوڑا اس سنگت نوں بخشیا سی۔

اس ویلے اتھے تنّ استھان ہن: ١. گرودوارہ چرن پادکا جتھے گورو نانک تے گورو تیغ بہادر صاحب دیاں کھڑاواں ستھاپت ہن، ٢. تمسا ندی دے کنڈھے گرودوارہ نانک گھاٹ جتھے سنگتاں دی ارجوئی تے گورو صاحب نے رام نواس کائستھ نوں زندہ کیتا سی۔ ٣. ندی دے دوسرے پاسے انند باغ جتھے گورو صاحب ٹھہرے سن، ٤. گرودوارہ اکال بنگا جتھے بہہ گورو نانک تے بعد وچ گورو تیغ بہادر صاحب نے نرنکار دا سمرن کیتا۔ اتھے ہی اک پرانا کھوہ وی ہے۔

وقت پاکے اتھوں دی دھرم سالا اداسیاں ہیٹھ گئی تے بعد وچّ بابا کرپا دیال سنگھ بھلا جو بابا سمیر سنگھ ہیڈ گرنتھی پٹنا صاحب دے دادا جی سن اس علاقے وچّ آ کے پرچار کرن لگّ پئے۔ بابا سمیر سنگھ جو پٹنا صاحب دے مہنت رہے ہن اوہ وی اتھے رہے۔

اتھے کوئی ٣١ ہتھ لکھتاں تے سنگھاں دے وڈی گنتی وچّ ششتر موجود ہن۔ حالاں علاقے وچّ سنگت دی وڈی گھاٹ ہے پر آگرے دے گرودوارہ گورو کے تال والے سنت نرنجن سنگھ، سنت پریتم سنگھ دی نگرانی تحت اک گرسکھ پیارا ستنام سنگھ اس اتہاسک ورثے دی سانبھ سنبھال بڑی شردھا نال کر رہا ہے۔ Ñ ضرورت ہے سکھ سنگتاں اس پوتر استھان دے درشناں دا لاہا لین۔ یاد رکھنا اتہاس تاں ہی بچدا ہے جے لوکاں دی اس ول رچی ہووے۔ جے گورو دے پیارے ہیمکنٹ جہے متہاسک ستھان ول وہیرا گھتّ سکدے ہن تاں ایہہ تاں جیندا جاگدا اتہاس ہے۔

اتھو پھر گورو صاحب ٹانڈے تھاننی اجدھیا ول نوں ہو گئے۔

---♦---






نجاماباد دا گرودوارہ چرن پادکا صاحب جتھے گورو نانک اتے گورو تیغ بہادر صاحب دیاں کھڑاواں موجودنے۔ پرتھم گورو دیاں کھڑاواں دی نمرتا نوٹ کرن یوگ ہے۔ کیہا جاندا ہے کہ ایہہ اوہ کھڑاواں نے جو سنگلادیپ دے راجے شو نابھ نوں بخشیاں سن۔

ہونا سی بھاوَ سڑنا سی۔

گورو صاحب دی ڈونگھی روحانی شخصیت بارے تاں چار چپھیرے پتہ لگّ چکا سی۔ سبھ علاقے دے لوکاں نے گورو صاحب اگے ترلا ماریا کہ رام نواس نوں بچا لیا جائے۔ کیہا جاندا ہے کہ گورو صاحب نے مردانے نوں حکم کیتا جس نے ستنام واہگورو کہہ کے تمسا ندی دے جل دا ترونکا رام نواس تے دتا تے چھیتی ہی رام نواس سریواستو اکھاں ملدا ہویا اٹھ بیٹھا۔ سبھ پاسے دھنّ گورو نانک، دھنّ گورو نانک، ستنام، ستنام دا اواجا گونج اٹھیا۔

اتھے صاحب نے مردانے دی رباب تے شبد گا ویا:

سورٹھ محلہ ١ تو پربھ داتا دانِ متِ پورا ہم تھارے
بھیکھاری جیؤ ۔۔ مے کیا ماگؤ کچھ تھر ن رہائی ہرِ
دیجے نامُ پیاری جیؤ ۔۔ ١ گھٹِ گھٹِ روِ رہیا بنواری ۔۔
جلِ تھلِ مہیئلِ گپتو ورتے گر سبدی دیکھِ نہاری جیؤ
۔۔ رہاؤ ۔۔ مرت پیال اکاسُ دکھائیو گرِ ستگورِ کرپا
دھاری جیؤ ۔۔ سو برہمُ اجونی ہے بھی ہونی گھٹ
بھیترِ دیکھُ مراری جیؤ ۔۔ ٢ جنم مرن کؤ ایہہ جگُ
بپڑو انِ دوجے بھگتِ وساری جیؤ ۔۔ ستگورُ ملے ت
گرمتِ پائیے ساقط باجی ہاری جیؤ ۔۔ ٣ ستگور
بندھن توڑِ نرارے بہڑِ ن گربھ مجھاری جیؤ ۔۔ نانک
گیان رتنُ پرگاسیا ہرِ منِ وسیا نرنکاری جیؤ ۔۔ ٨ ٤

نجاماباد تے لاگے چاگے دے کائستھ تے ہور جاتاں دے ہزاراں پرواراں نے سکھی دھارن کر لئی۔ اناں وچّ مکھ طور تے کائستھ پروار ہی سن۔ پر وقت پا کے ہولی ہولی اناں پرواراں وچّ سکھی پتلی ہندی گئی۔ ہن وی اتھوں دے کائستھ پرواراں وچّ سکھی شردھا تاں تھوڑی بہت ہے پر تھوڑے پروار ہی ہن جو گرودوارہ صاحب حاضری بھردے ہن۔ اوتھے جو استھان بنیا اس دے ناں تے راجے نے اک پنڈ دی جگیر

Ñ گردھام سنگرہ- گیانی گیان سنگھ
اتے ستھانک گردھام ملازماں نال
گل بات دے ادھارتے

سندھورے .. اگے گئی ن منیا مرؤ وسورِ وسورے .. مے رووندی سبھ جگُ رنا رنڑے ونۂ پنکھیرو .. اکُ ن رنا میرے تن کا برہا جنِ ہؤ پرہ وچھوڑی .. سپنے آیا بھی گیا مے جلُ بھریا روئِ .. آئِ ن سکا تجھ کنِ پیارے بھیج ن سکا کوئِ .. آؤ سبھاگی نیدڑیئے متُ سہُ دیکھا سوئِ .. تے صاحب کی بات ج آکھے کہُ نانک کیا دیجے .. سیسُ وڈھے کرِ بیسنُ دیجے ونُ سر سیوَ کریجے .. کیؤ ن مریجے جیئڑا ن دیجے جا سہُ بھیا وڈانا .. ۳ ۱

جدوں گورو صاحب نے "سیسُ وڈھے کرِ بیسنُ دیجے ونُ سر سیوَ کریجے .." تے الاپ لایا تاں نرسنگھ داس گورو صاحب دے چرناں تے ڈھیہہ پیا، "نہی گورو صاحب میں اناں اچا انسان نہی ہاں۔" گورو صاحب اس تے مسکرائے تے کہیا کہ تیرے سوالاں کرکے ہور پیاریاں نوں وی سوجھی ملی ہے۔

گورو صاحب کیونکہ کجھ دن اجدھیا ٹھہرے سن نرسنگھ داس نے اس دوران گرمت دا سارا سدھانت سمجھ لیا تے اس علاقے دے اچّ کوٹی دے سکھاں وچوں ہویا ہے۔و

---◆---

بابا اجدھیا وچّ

## کی جو گھور تپسیا کردے نے اناں نوں وی نرنکار دی پراپتی نہی ہندی ؟ سادھواں نے بابے نوں پچھیا

بابا جی ساون دے مہینے ایدھیا پہنچے، جدو اتھے مکھ تیوہار ساون جھولا کھیڈیا جاندا ہے۔ ** حالاں رامنومی وی برابر دا ہی وڈا تیوہار ہے پر رامنومی کیونکہ چیتر دے مہینے آؤدی ہے، سانوں نہی لگدا کہ گورو صاحب بنارس دی شوراتری وچ حصہ لین توں ترنت بعد اتھے آئے ہون۔

سو ساون (جولائی /اگست ۱۵۰۹) نوں گورو صاحب اجدھیا وچ سن۔

سو بابا پہنچ گیا اجدھیا نگری جتھے کیہا جاندا بھگوان رام دا جنم ہویا سی۔ اوتھے کی دیکھدا وا؟ تھاں تھاں تے سادھاں دے آشرم، وکھ وکھ ونگیاں دے۔ سادھاں سنتاں وچّ بابے دی مشہوری تاں پہلاں ہی ہو چکی سی۔یاد رہے اوناں زمانیاں وچّ سماج وچّ وڈی گنتی سادھاں سنتاں دی ہویا کردی سی۔ ایہہ عموماً چکرورتی ہی رہندے سن، بھاوَ ترے ہی رہندے۔ کدی کسے تیرتھ تے، اتے کدی دوسرے تیوہار میلے جاں کمبھ وچّ۔ اکثر دیس پردیس دیاں خبراں وی چکرورتی سادھاں رانہی جنتا تکّ پہنچدیاں سن۔

سو ہر ربّ دا پیارا اس الٰہی نور دے درشن دی تانگھ 'چ سی۔ اجدھیا دے برہم کنڈ آشرم دے باہر رستے 'چ بابا جی نے ڈیرہ لا لیا۔ انج کئی سادھ غصے وچّ وی سن کیونکہ گورو صاحب نے اپنے پہلے وکھیاناں وچّ ایہہ ظاہر کر دتا سی کہ نرنکار دی پراپتی دے مارگ

اجدھاؔ وچ بابا

## گورو صاحب نے جدوں سادھواں دا سوہلا گایا

ہنؤ کربانے جاؤ تنا کے لین جو تیرا ناؤ ..

گورو صاحب دی سوبھا سنکے جدوں کجھ سنیاسی، جوگی اتے ہور فرقیاں دے سادھو آ گورو صاحب کول سوال جواب کرن لگے تاں دیالو بابے دا منّ سادھواں پرتی پسیج گیا۔ صاحب نوں اوہناں لوکاں تے ترس آ گیا جناں جیون ہی نرنکار دی کھوج تے لا دتا ہویا سی۔ ایہہ وکھری گل سی کہ ایہناں وچاریاں نے مارگ صحیح چنیاں سی جاں نہی۔ صاحب نے مردانے نوں سچیت کیتا اتے تلنگ راگ وچ اچی سر وچ شبد گایا:-

تلنگ محلہ ۱ گھرُ ۳ ستگور پرسادِ .. ایہہ تنُ مایہ پاہیا پیارے لیتڑا لبِ رنگائے .. میرے کنت ن بھاوے چولڑا پیارے کیؤ دھن سیجے جائے .. ۱ ہنؤ کربانے جاؤ مہروانا ہنؤ کربانے جاؤ .. ہنؤ کربانے جاؤ تنا کے لینِ جو تیرا ناؤ .. لینِ جو تیرا ناؤ تنا کے ہنؤ صد کربانے جاؤ .. ۱ رہاؤ .. کایا رنننِ جے تھیئے پیارے پائیے ناؤ مجیٹھ .. رنگن والا جے رنے صاحبُ ایسا رنگُ ن ڈیٹھ .. ۲ جن کے چولے رتڑے پیارے کنتُ تنا کے پاسِ .. دھوڑِ تنا کی جے ملے جی کہُ نانک کی ارداسِ .. ۳ آپے ساجے آپے رنگے آپے ندرِ کرےئِ .. نانک کامنِ کنتے بھاوے آپے ہی راوےئِ .. ۳ ۱ ٤

سادھواں نال ورتالاپ چلدا رہا۔ ایہہ گورو صاحب دے ہی وسّ وچ سی کہ اناں دے اپدیش ویلے پریم بھارو ہندا سی۔ اوہ جس کسے نوں وی راہے پاؤدے سن اگلے تے ترس کردے ہوئے اپدیش دندے سن، اگلے نوں اپنا جانکے۔ ایہہ گورو صاحب تے اکال پرکھ دی بخشش سی کہ اناں دے اپدیش وچ تلخی نہی سی ہندی۔ Ô

---◆---

## نرسنگھ داس دا ادھار

ایہناں سنتاں وچوں ہی نرسنگھ داس ناں دا سنیاسی سی۔ اسنے سرسٹی دے پالن ہار کرتار بارے گورو صاحب کول بہت سوال جواب کیتے۔ اوہدے ہی اک سوال تے پرسنّ ہو کے گورو صاحب نے وڈہنس وچ شبد گایا:-

وڈہنسُ محلہ ۱ گھرُ ۲ موری رن جھن لایا بھینے ساونُ آیا .. تیرے مندھ کٹارے جیوڈا تنِ لوبھی لوبھ لبھایا .. تیرے درسن وٹہُ کھنیئے ونجا تیرے نام وٹہُ کربانو .. جا تو تا مے مانُ کیا ہے تدھُ بنُ کیہا میرا مانو .. چوڑا بھنُ پلنگھ سیؤ مندھے سنُ باہی سنُ باہا .. اتنے ویس کریدیئے مندھے سہُ راتو اوراہا .. نہ منیارُ ن چوڑیا نہ سے ونگڑیاہا .. جو سہ کنٹھ ن لگیا جلنُ سِ باہڑیاہا .. سبھ سہیا سہُ راونِ گئیا ہؤ دادھی کے درِ جاوا .. امالی ہؤ کھری سچجی تے سہ ایکِ ن بھاوا .. ماٹھ گنداˆ Øی پٹیا بھریئے ماگ

Ô گیانی -۲۱۰, و گیانی - ۲۱۱ز

ٹھرمے نال سادھوآں نوں سمجھایا کہ پہلی گل میں نرنکار دا پجاری ہاں جو گھٹ گھٹ وچّ براجمان ہے۔ اگے پھر اوناں سمجھایا کہ ضدّ کرناں نرنکار دی رجا دا کھنڈن ہے۔ (انگریزی وچّ ایہنوں بلیکمیل کہندے ہن۔ اکثر بچے وی ماپیاں نال ضدّ کردے ہن۔) بھگت نے مالک دی خوشی لینی ہندی ہے۔ اوہ نرنکار ساڈے تے ترس کرے۔ دیا کرے۔

جنمساکھی انوسار اتھے ہی ہیٹھلا سبد رچیا:

بھیرو محلہ ۱ جگن ہوم پنّ تپ پوجا
دیہہ دکھی نت دوکھ سہے ۔۔ رام نام بنُ
مکتِ ن پاوسِ مکتِ نامِ گرمکھ لہے ۔۔ ۱
رام نام بنُ برتھے جگِ جنما ۔۔ بکھ کھاوے
بکھ بولی بولے بنُ ناوے نہپھلُ مرِ بھرمنا
۔۔ ۱ رہاؤ ۔۔ پستک پاٹھ بیاکرن وکھانے
سندھیا کرم تکال کرے ۔۔ بنُ گر سبد
مکتِ کہا پرانی رام نام بنُ
ارجھ مرے ۔۔ ۲ ڈنڈ کمنڈل
سکھا سوتُ دھوتی تیرتھ
گونُ اتی بھرمنُ کرے ۔۔ رام نام
بنُ سانتِ ن آوے جپ ہرِ ہر نامُ
سو پارِ پرے ۔۔ ۳ جٹا مکٹُ تنِ
بھسم لگائی بستر چھوڈِ تنِ
نگنُ بھیا ۔۔ رام نام بنُ ترپتِ ن
آوے کرت کے باندھے بھیکھُ بھیا
۔۔ ۴ جیتے جی جنت جلِ تھلِ
مہیئلِ جتر کتر تو سرب جیا ۔۔
گر پرسادِ راکھلے جن کؤ ہرِ رسُ
نانک جھولِ پیا ۔۔ ۸ ۷ ۵

اتھے گورو صاحب نے اجیہی ضدّ دا کھنڈن کیتا تے اپدیش دتا کہ نرنکار دی پراپتی اوہدے رحم جاں دیا نال ہی سنبھوَ ہے۔ "جپُ تپُ کرِ کرِ سنجم تھاکی ہٹھ نگرہِ نہی پائیئے ۔۔ نانک سہجِ ملے جگجیون ستگور بوجھ بجھائیئے ۔۔" سکھ دھرم وچّ تاں ہی ارداس دی بہت اہمیت ہے۔ مول منتر دے انت وچّ گرپرسادِ دا سدھانت دتا ہے کہ اسیں لکھ چاہیئے جناں چر اوہدی کرپا درشٹی نہی ہندی اسیں اوہدی پراپتی نہی کر سکدے۔ گورو صاحب نے اپدیش دتا کہ ایہہ جورا جبری دا رستہ نہی



ایہہ سادھو ۷ سالاں توں کھلوتا ہی پیا ہے۔ سوندا وی کھلوکے۔ (ہیٹھاں) اس نے نرا دوآلے ہی اگّ نہی بالی سرتے وی اگّ ہے۔ گورو صاحب نے کیہا ایہہ تپسیا وئرتھ ہے۔ نرنکار ایناں گلاں تے نہی پسیچجدا۔





اس سادھو نے پرن کیتا کہ ۱۲ سال بانہہ اتانہ ہی کر رکھنی ہے۔ کجھ سالاں بعد ہی پھر بانہہ سکّ گئی۔ ہن تاں تھلے آؤدی ہی نہی۔ گورو صاحب نے کیہا سریر نوں کوہنا غلط ہے۔

تے اپنے سریر نوں تسیہے دینا جائز نہی۔ کہ ربّ اس گل تے نہی ریجھدا۔

کجھ چر آرام کرن اپرنت گورو صاحب تے مردانے نے کیرتن شروع کر دتا۔ سادھو سنت جڑنے شروع ہو گئے۔ ہولی ہولی گل ساری اجدھیا وچّ پہنچ گئی کہ لاہور والا بابا نانک نرنکاری آیا ہے۔ اگلے دن سادھوآں دا اک وڈا ٹولا وی گورو صاحب دے درشناں لئی پہنچ گیا۔

بھری سبھا وچّ مہنت نے ایہہ سوال کر دتا کہ "نانک توں کوے کہندا ہے کہ تپسیا دا مارگ جائز نہی ہے۔ ساڈے تاں اتھے کئی سادھ نے جناں نے جیون بھر گھور تپسیا کیتی ہے۔"

اتھے ایہہ دسنا ضروری ہو جاندا ہے کہ اکثر ہی ہندو سادھو کوئی ناں کوئی پرتگیا کر لیندے ہن کہ مے تاں ساری عمر جاں ۱۲ سال

ننگے رہنا، ننگے پیریں چلنا،

ساری عمر کھلوتا ہی رہانگا (کھڑیشری بابے)

جاں اکو لتّ تے کھلوتا رہانگا،

میں اپنی اک بانہہ ہمیشاں اپر نوں کرکے رکھانگا

دھونی دوآلے ہی رہانگا

رکھ اتے ہی چڑھیا رہانگا

اکھنڈ سمادھی لائی رکھانگا

پھلاہاری - صرف پھلاں دے آسرے جینا

ددھاھاری - صرف دودھ ہی پینا

کھانا چھڈّ دینا - پون اہاری

لمے پے کے چلنا

مدھ پردیس دے اوکاریشور مندر لاگے شردھالو اچی پہاڑی توں جان دے دیا کردے سن۔ اس بارے اک انگریز لکھاری ۱۹وی صدی اکھی ویکھی گھٹنا لکھی ہوئی ہے۔

کہن توں مطلب سادھو وکھ وکھ قسماں دے تسیہے اپنے سریر نوں دیا کردے ہن۔ اس نوں ہٹھّ جوگ جاں ہٹھّ تپسیا کہندے ہن۔ لوک اتھے ضدّ ہی کر بہندے ہن کہ اسیں تاں ربّ نوں پاؤنا ہی پاؤنا ہے۔

گورو صاحب نے بڑے پریم اتے

کرتے دے حکم نوں سمجھن دی۔ کہ کام واشناواں کرتار نے اس کرکے پیدا کیتی ہے کہ جنس چلدی رہے مکّ ناں جائے۔ جے بچہ پیدا نہی ہووےگا تاں انسان جات ختم ہو جائیگی۔ ایسے طرحاں باقی واشناواں پچھے کرتار دا حکم کم کر رہا ہے۔ جے بچے نال موہ ہووےگا تاں ہی تاں ماں باپ بچے دی پرورش کرنگے۔ نہی تاں بچے نوں کون پالیگا؟ آدی آدی۔

گورو صاحب دے بچن سن کے سنیاسی لوک آچرنی لگے۔کہن لگے اے نانک توں سچمچّ نرنکار دے نیڑے ہیں۔Ô

سریر نوں کوہ کے نرنکار دی پراپتی دے سدھانت دا کھنڈن کردیا گورو صاحب نے ہور وی کئی تھانئی اپدیش دتے۔ کجھ اک ہور سبندھت شبد وی نوٹ کیتے جان:-

اکِ تپسی بن مہہ تپُ کرہِ نت تیرتھ واسا .. آپُ ن چینہِ تامسی کاہے بھئے اداسا .. ٥ اکِ بندُ جتن کرِ



لؤ کر لؤ گل۔ اپنے تاں سر ہی زمین وچ واڑ دتا۔"بابا ایہناں ودھیاں کرکے میل نہی ہونا۔ ایہہ تیرے کرم کانڈ، یوگ آسن، سریر کوہنا وئرتھ ہے۔

ہے۔
آکھن جورُ چپے نہ جورُ .. جورُ ن منگن دینِ ن جورُ .. جورُ ن جیونِ مرنِ نہ جورُ .. جورُ ن راجِ مالِ منِ سورُ .. جورُ ن سرتی گیانِ ویچارِ .. جورُ ن جگتی چھٹے سنسارُ .. جسُ ہتھِ جورُ کرِ ویکھے سوئِ .. نانک اتمُ نیچُ ن کوئِ ..

اوہدے بھانے وچّ چلنا۔ ربّ کولو دئیا دی بھکھیا منگنا۔ کسے پہنچے ہوئے مہانپرکھ نوں ویکھ کدی لوک ریس کرن بہہ جاندے نے جو وئرتھ ہے۔

"سنِ گلا آکاس کی کیٹا آئی ریس .. نانک ندری پائیے کوڑی کوڑے ٹھیس .."



ویکھو اناں سادھواں دے کسے دے وی چہرے تے کھیڑا نہی ہے۔ نہی بھائیو! ننگیاں رہ کے سریر کوہ کے ایہہ گل نہی بننی۔ ایہہ کھیڈ تاں پریم دی ہے۔ رجا وچ رہِ کے، اوہدی استت کرناں ہی نرنکار نوں بھاؤدا ہے۔

صاحب نے اپدیش دتا بھئی ہردے وچّ سنتوکھ ہوئے، عقل نال من نوں برائیا ول دوڑن توں ورجنا، من وچّ ربّ دا ڈر، اوہدے پیدا کیتے ہوئے جیاں پرتی بھاؤ ہووے بھاوَ پیارتے دئیا ہووے، نرنکار دی صفت صلاحَ دا شبد ہمیشاں بلاں تے ہوئے تے سبھ توں ضروری شرط کہ نرنکار دی نظر سولی ہووے تاں شردھالو نہال ہو جاویگا۔

جتُ پاہارا دھیرجُ سنیارُ .. اہرنِ متِ ویدُ ہتھیارُ .. بھؤ کھلا اگنِ تپ تاؤ .. بھانڈا بھاؤ امرتُ تتُ ڈھالِ .. گھڑیئے سبدُ سچی ٹکسال .. جن کؤ ندرِ کرمُ تن کار .. نانک ندری ندرِ نہال .. ٣٨

گورو صاحب نے سمجھایا کہ منّ دیاں ترنگاں جاں واشناواں نوں تسی کندھ جاں دیوار بنا کے نہی روک سکدے۔ سگوں اجیہا کرن نال منّ زیادہ اس برائی ول دوڑدا ہے۔ کئی سادھواں نے لنگ دوالے لوہے دیاں پکیاں پھٹیا لوا لئیاں ہن، ایہہ وئرتھ ہے۔ ضرورت ہے کام دی مڈھلی سچائی سمجھن دی۔

راکھدے سے جتی کہاوہِ .. بنُ گر سبد ن چھوٹہی بھرمِ آوہِ جاوہِ .. (سگگس-٤١٩)

جپ تپ سنجم کرم ن جانا نامُ جپی پربھ تیرا .. گرُ پرمیسرُ نانک بھیٹیو ساچے سبدِ نبیرا .. (سگگس-٨١٨)

نامِ رتے سدھ گوسٹِ ہوئِ .. نامِ رتے سدا تپُ ہوئِ .. (سگگس- ٩٣٨ سدھ گوسٹِ)

اکِ جپ تپ کرِ کرِ تیرتھ ناوہِ .. جیو تدھُ بھاوے توے چلاوہِ .. ہٹھ نگرہِ اپتیجُ ن بھیجے بنُ ہر گر کنِ پتِ پائی ہے .. (سگگس-١٠٢٤)

جگن ہوم پنّ تپ پوجا دیہہ دکھی نت دوکھ سہے ..

درشن کراں۔"

سیوادارنے جا کے سنیہا دتا تاں سبھ رشی منی سادھو سنت گورو صاحب دے ڈیرے آحاضر ہوئے۔ گورو صاحب نے سنت منڈلی نوں ڈنڈاؤت (لمے پے کے) بندناں کیتی۔ اک دوجے دا کشل منگل (حالَ چال) پچھن اپرنت سادھو منڈلی نے گورو صاحب اگے پرشن کیتا کہ بابا جی سانوں وی دسو جھڑا تسی 'نام مارگ' دی گل کر رہے۔ ایہہ کی الوکک طریقہ ہے بھگوان نوں پاؤن دا۔

گورو صاحب نے سمجھایا کہ ساڈا طریقہ این قدرتی ہے۔ بھائی جدوں کسے کولو کوئی چیز لینی ہووے تاں اسیں اس اگے بینتی کردے ہاں۔ اگلے نوں وڈیاؤندے ہاں۔ اپنی کمزوری، اپنی اونتائی اگلے اگے رکھدے ہاں تاں ہی تاں ترس کرکے اوہ ساڈی منگ پوری کریگا۔ ایہو قدرتی طریقہ ہے کجھ پاؤن دا۔ بس ایسے دا ناں اسیں 'نام' آکھدے ہاں۔ نام دا مطلب صفت، جس، وڈیائی، استت، کیرتی، اگلے دے گن گاؤنا۔

م ١ کیہا کنچنُ تٹے سارُ .. اگنی گنڈھُ پائے لوہارُ .. گوری سیتی تٹے بھتارُ .. پت ˆØی گنڈھُ پوے سنسار .. راجا منگے دتی گنڈھُ پائِ .. بھکھیا گنڈھُ پوے جا کھائِ .. کالا گنڈھُ ندیا میہہ جھول .. گنڈھُ پریتی مٹھے بول .. بیدا گنڈھُ بولے سچُ کوئِ .. مویا گنڈھُ نیکی ستُ ہوئِ .. ایتُ گنڈھِ ورتے سنسارُ .. مورکھ گنڈھُ پوے موہِ مار .. نانکُ آکھے ایہہ بیچار ک .. صفتی گنڈھُ پوے دربارِ .. ٢

سو جے نرنکار نال میل کرناں، اپنی گنڈھنی ہے تاں اوہدیاں صفتاں کرنیا ہونگیاں۔

منّ لؤ میں بھکھاں ہاں پر جے کتے سڑھک کنارے سمادھی لا کے بہہ جاواں تاں لوکی کی سمجھنگے کہ مینوں کی چاہیدا ہے۔ منگ کرن لئی سانوں بھاشا دی ضرورت پیندی ہے۔ سانوں کجھ شبد بولنے پینگے۔ جے نرنکار دے دربار دے درشن چاہیدے نے تاں سانوں اوہدی وڈیائی دے سبد بولنے پینگے۔ منگنا پویگا۔ بس ایہو نام ہے۔

گورو صاحب نے سادھو منڈلی نوں کجھ اجیہے طریقے نال صفت صالاح مارگ بارے چاننا پایا کہ گوبند لوک کیلے گئے۔ ہر اک دے مونہو ایہو لفظ نکل رہا 'دھنّ ہے تو بابا نانک'۔ انت ویلے پھر سارے سادھو سنتاں نے گورو صاحب اگے ڈنڈاؤت نمسکار کیتی۔

جنم ساکھی مہربان انوسار ہیٹھلا شبد اتھے ہی اچا ریا گورو صاحب نے:

سریراگُ محلہ ١ آوہُ بھینے گلِ ملہہ انک سہیلڑیاہ .. ملِ کے کرہ کہانیا سمرتھ کنت کیاہِ .. ساچے صاحب سبھِ گن اؤگن سبھِ اساہ .. ١ کرتا سبھ کو تیرے جورِ .. ایکو سبدُ بیچا ریئے جا تو تا کیا ہورِ .. ١ رہاؤ .. جائ پچھہُ سوہاگنی تسی را ویا کنی گن ˆØی

رام نام بنُ مکتِ ن پاوسِ مکتِ نامِ گرمکھِ لہے .. ١ (سگگس-١١٢٧)

سگلے کرم دھرم سچِ سنجم جپ تپ تیرتھ سبدِ وسے .. نانک ستگور ملے ملایا دوکھ پراچھت کال نسے .. (سگگس-١٣٣٢)



سکھ گرمت انوسار سمادھیاں لاؤن نال وی سرت نہی بجھّ سکدی۔ سکھی وچ شبد دی اہمیت ہے۔ شبد وی پھر بولنا جا گاؤنا ہے۔ آہ ویکھو سمادھیاں لا لا کے پیر ہی پٹھے ہو گئے نے۔

تنُ ن تپائ تنور جیو بالنُ ہڈ ن بالِ .. سرِ پیری کیا پھیڑیا اندرِ پری سمالِ .. ١٨ سبھنی گھٹی سہُ وسے سہ بنُ گھٹُ ن کوئِ .. نانک تے سوہاگنی جنا گرمکھِ پرگٹُ ہوئِ .. (سگگس-١٣٨٤)

---♦---

## اجدھیا - سادھو سنتاں نے پچھیا بابا جی نام کی ہندا ہے؟Ô

اگلے دن شہر وچّ براجمان سبھ سنت اکٹھے ہو کے پنج تیرتھی مٹھّ آ گئے۔ اک سیوک نوں بھیجیا کہ جاؤ گورو نانک نوں کہو کہ گوبند (سادھو) لوک تہاڈے درشناں دی تانگھ رکھدے ہن۔ سیوک نوں سچیت کرکے بھیجیا سی کہ جے گورو نانک دی لو لگی ہووے تاں اس وچّ وگھن نہی پاؤنا۔ اوتھے اڈیکناں جدوں اوہ خوشی دے عالم وچّ ہون تاں سنیہا دینا۔



قدرتی گورو صاحب کجھ شردھالوآں نال بچن بلاس کر رہے سن۔ تاں سیوک نے سادھو منڈلی دا سنیہا دتا۔

گورو صاحب نے سنیہا سن کے وڈا چاء کیتا، "میرے دھنّ بھاگ جو میں مہاں پرکھاں دے

ਫੁਟ ਨੋਟ

Ô سوڈھی مہربان انوسار ۔ صفعہ ٤٤٤- جوگا تے گرمت،٦٢٨ کرم یوگا

Ð پروفیسر صاحب سنگھ نے لکھیا ہے کہ گورو صاحب ایدھیا وکھے کتک دی مسیا والے دن موجود سن کیونکہ اودوں اتھے تلسی دی پوجا کیتی جاندی ہے تے ایہہ اس شہر دا مکھ تیوہار ہے۔ ایہہ دعوٰی اسیں غلط سمجھدے ہاں کیونکہ تلسی پوجا ایدھیا دا مکھ تیوہار نہی ہے۔ نالے اتھے جو سبد رچیا ہے اس وچ وی ساون تے برساتاں دا ذکر آؤدا ہے۔

سبھنا اندرِ جسہہ کھوآئی تسُ کؤنُ
کہےَ .. جسہہ دکھالا واٹڑی تسہہ
بھلاوے کؤنُ .. جسہہ بھلائی پندھ
سرِ تسہہ دکھاوے کؤنُ .. ١ م ١
سو گرہی جو نگرہُ کرے .. جپُ تپُ
سنجمُ بھیکھیا کرے .. پنّ دان کا
کرے سریرُ .. سو گرہی گنگا کا نیرُ ..
بولے ایسرُ ست سروپُ .. پرم تنت
مہہ ریکھ ن روپُ .. ٢ م ١ سو
اؤدھوتی جو دھوپے آپُ .. بھکھیا
بھوجنُ کرے سنتاپُ .. اؤہٹھ پٹن
مہہ بھیکھیا کرے .. سو اؤدھوتی
سوَ پرِ چڑے .. بولے گورکھُ ست
سروپُ .. پرم تنت مہہ ریکھ ن روپُ
.. ٣ م ١ سو اداسی ج پالے اداسُ ..
اردھ اردھ کرے نرنجن واسُ .. چند
سورج کی پائے گنڈھِ .. تسُ اداسی
کا پڑے ن کندھُ .. بولے گوپی چندُ
ست سروپُ .. پرم تنت مہہ ریکھ ن
روپُ .. ٤ م ١ سو پاکھنڈی ج کایا
پکھالے .. کایا کی اگن برہمُ پرجالے ..
سپنے بندُ ن دیئی جھرنا .. تسُ
پاکھنڈی ذرا ن مرنا .. بولے چرپٹُ
ست سروپُ .. پرم تنت مہہ ریکھ ن
روپُ .. ٥ م ١ سو بیراگی ج الٹے
برہمُ .. گگن منڈل مہہ روپے تھمُ ..
اہنسِ انتر رہے دھیانِ .. تے بیراگی
ست سمانِ .. بولے بھرتھرِ ست
سروپُ .. پرم تنت مہہ ریکھ ن روپُ
.. ٦ م ١ کیؤ مرے مندا کیؤ جیوے
جگتِ .. کنّ پڑائی کیا کھاجے بھگتِ ..
آستِ ناستِ ایکو ناؤ .. کؤنُ سو
اکھرُ جتُ رہے ہیاؤ .. دھوپ چھاو
جے سمع کرِ سہے .. تا نانکُ آکھے
گرُ کو کہےَ .. چھ ورتارے ورتہہ
پوت .. نہ سنساری نہ اؤدھوت ..
نرنکارِ جو رہے سمائِ .. کاہے
بھیکھیا منگنِ جائِ .. ٧ پؤڑی .. ہرِ مندرُ سوئی
آکھیئے جتھہُ ہرِ جاتا .. مانس دیہہ گر بچنی پایا سبھ
آتم رامُ پچھاتا .. باہرِ مولِ ن کھوجیئے گھر ماہِ بدھاتا
.. منمکھ ہرِ مندر کی سار ن جاننی تنی جنمُ گواتا ..
سبھ مہہ اکُ ورتدا گر سبدی پایا جائی .. ١٢

اتھوں گورکھپرِ توں گورو صاحب اگے گھگھر ندی رستے بدھ گیا نوں روانہ ہوئے براستا پٹنا۔ گیا دا پتریپکش میلہ ستمبر مہینے لگدا ہے۔

▲



گرودوارہ برہمکنڈ۔ اجدھیا وکھے گورو صاحب دی آمد دی یاد وچّ گرودوارہ موجود ہے۔ اپرنت اس استھان تے گورو تیغ بہادر تے گرُ گوبند سنگھ وی براجے۔ گرودوارہ انج دسم پاتشاہ دے ناں تے ہے۔١٨٩٩ای. توں پہلاں صرف تنّ منجی صاحب بھاوَ یادگاری تھڑے ہندے سن جو کہ سنت گلاب سنگھ (کشمیری سنگھ) نے پھر اک چھوٹا جیہا گرودوارہ بنایا۔



گرودوارہ نجرباگ ایدھیا۔ سائیکل یاتری-١٣٨، انوسار گورو نانک صاحب جس تھاں ٹھہرے سن اتھے جو گرودوارہ ہے اوہ نجرباگ دے نام نال مشہور ہے۔ اتھے گرودوارہ صاحب دے ناں تے چوکھی زمین سی جو مہنت آتما سنگھ نے ١٩٢٠ دے آس پاس ویچ دتی۔اتھے پھر ٹھٹھیاراں دی بستی بنی۔ بنگال نوں جاندے وقت اتھے گورو صاحب ٹھہرے سن۔جدوں کہ نووے اتے دسمے پاتشاہ پنجاب نوں پرتدے وقت ٹھہرے سن۔

.. سہج سنتوکھ سیگا ریا مٹھا
بولنی .. پرُ ریسالو تا ملے جا گر کا
سبدُ سنی .. ٢ کیتیا تیریا قدرتی
کیوڈ تیری داتِ .. کیتے تیرے جی
جنت صفتِ کرہِ دنُ راتِ .. کیتے
تیرے روپ رنگ کیتے جاتِ اجاتِ
.. ٣ سچُ ملے سچُ اوپجے سچ مہہ
ساچ سمائِ .. سرتِ ہووے پتِ
اوگوے گربچنی بھؤ کھائِ .. نانک
سچا پاتساہُ آپے لئے ملائِ .. ١٠ ٤

---♦---

## گورکھپر دے سادھاں نے پچھیا

## "باوا تم کون ہو- فقیر، سنیاسی، جاں بیراگی، اداسی؟"و

گورو صاحب دی چرچہ تاں چپھیرے چھڑ چکی ہوئی سی۔ گورکھپر دے جوگی وی گورو صاحب دی اڈیک وچ سن کہ جدوں اوہ آئیگا تاں انوں ٹکانے توں پھڑ کے جوگ دی مریادا وچ لیاوانگے۔ جویں گورو صاحب نے گورکھپر پہنچ این سڑک کنارے آسن جمایا تاں علاقے دے سنیاسیاں نوں جھٹّ کنو کنی خبر پہنچ گئی کہ "اوہ لاہور والا بابا یہاں بھی پہنچ گیا ہے۔"

پھر کی ہویا کہ علاقے دے پرسدھ جوگی سنیاسی اتے پنڈتاں نے اکٹھے ہو کے گورو صاحب نال وارتالاپ شروع کیتا۔ اوہناں دا مکھ سوال سی کہ بابا جی تسی کون ہو؟ کی بناں کسے سمپردا دی مریادا وچ آئے وی کوئی بندہ بھگواں تک پہنچ سکدا ہے؟

گورو صاحب نے اتھے وی بڑے پریم پوربک اپنا سدھانت سمجھایا۔ سادھاں نوں دسیا کہ ربّ نوں پاؤن لئی ضروری نہی کہ تسی منہ سر منا کے، گھر گرست تیاگ، جنگل بیلیاں وچ نواس کرو۔ صاحب نے سمجھایا کہ گرستی بندہ وی اکال پرکھ تک پہنچ سکدا ہے۔

اس موقعے پھر گورو صاحب نے شبد اچارن کیتا:-

سلوک م ١ نہ ست دکھیا نہ ست سکھیا نہ ست
پانی جنت پھرہِ .. نہ ست مونڈ مڈائی کیسی نہ ست
پڑیا دیس پھرہِ .. نہ ست رکھی برکھی آپُ تچھاوہِ
دکھ سہیہِ .. نہ ست ہستی بدھے سنگل نہ ست
گائی گھاہُ چرہِ .. جسُ ہتھ سدھِ دیوے جے سوئی
جس نو دیئی تسُ آئِ ملے .. نانک تا کؤ ملے وڈائی
جسُ گھٹ بھیترِ سبدُ روے .. سبھ گھٹ میرے ہؤ

ਫੁਟ ਨੋਟ

Ô نام دا مضمون وستھار وچ ویکھو صفحہ ٣١٠ و گیانی- ٢١٣